ਸਮਾਜਿਕ ਚੇਤਨਤਾ ਦਾ ਪ੍ਰਤੀਕ ਤਿਮਾਹੀ ਮੈਗਜ਼ੀਨ

28

January - March 2018

# ਸੈਣੀ ਸੰਸਾਰ
# Saini Sansar



Happy Newyear 2018

## ਅੰਦਰ ਪੜ੍ਹੋ

- ਮਹਾਨ ਸੈਣੀ ਸ਼ਖ਼ਸ਼ੀਅਤਾਂ
- ਸੈਣੀ ਭਵਨ ਦੀਆਂ ਸਰਗਰਮੀਆਂ
- ਅਣਗੌਲਿਆ ਇਤਿਹਾਸ
- ਰੌਚਿਕ ਸਾਹਿਤਕ ਰਚਨਾਵਾਂ
- ਸਿਹਤਮੰਦ ਜੀਵਨ ਜਾਚ
- ਵਿਗਿਆਨ ਅਤੇ ਖੇਡਾਂ
- ਵਧਾਈਆਂ ਤੇ ਧੰਨਵਾਦ
- ਮੈਟਰੀਮੋਨੀਅਲਜ਼

P U B L I S H E R S

KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001

ਮੁੱਲ : 30 ਰੁਪਏ

Volume - VIII, Issue - I

# Saini Sansar

(Quarterly)

January - March 2018

PUBLISHER, PRINTER & OWNER
**Kaka Ram Saini Charitable Trust (Regd.)**
Saini Bhawan,
Roopnagar-140001 (Pb.)

PRINTING PRESS
**Tej Printing Press**
Phool Chakkar Bazar,
Roopnagar -140001 (Pb.)

PLACE OF PUBLICATION
**Saini Bhawan**
Roopnagar -140001 (Pb.)

CHIEF EDITOR (HONORARY)
**Dr. Ajmer Singh Tamber**
# B-12/5057, Guru Nagar,
Chandigarh Road, Roopnagar-140001 (Pb.)

**PATRON**

**Sh. L.R. Mundra**
Asstt. Police Commissioner (Delhi) (Retd.)

**CHIEF EDITOR**

**Dr. Ajmer Singh Tamber**
Dy. Director (Edu.) Pb. (Retd.)
Ph. : 94176-02835

**MANAGER (Accounts)**
**S. Rajinder Singh**
Supdtt. Secretriate (Retd.)
Ph. : 94646-49922

**MANAGER (Circulation)**
**S. Ajmer Singh Dhamrait**
Supdt. Edu. Deptt. (Retd.)
Ph. : 9417586075

**EDITORIAL BOARD**

**Dr. Jaswant Kaur Saini**
Associate Professor (Retd.)
Ph. : 94178-02835

**S. Balbir Singh Saini**
Editor Magzine "Sool Surahi"
Ph. : 94646-47540

**Sh. Rajinder Saini**
Asstt. Public Relations Officer (Retd.)
Ph. : 98722-20400

**S. Surinder Singh**
Inspector Health Deptt. (Rtd.)
Ph. : 99880-06822

**Assistant Manager (Circulation)**
**S. Gurcharan Singh**
Supdt. Edu. Deptt. (Retd.)
Ph. : 01881220040

**ADVISORS :**

**India** : **S. Bahadurjeet Singh** President Rupnagar Press Club.
**Sh. Narinder 'Nindi'** Director Pb. Arts International Chd.

**Australia** : **S. Malkiat Singh Saini,**
#4, Arnika Court, Jereme Grove, Glenwoood, Sydney-Australia

**U.S.A.** : **Dr. Manavpreet Kaur** Professor (English)
# 2421, Bryce Wood Lane, Plano-Tx-75025 (USA).

**U.K.** : **Sh. Tarsem Singh Saini**
# 14, Forest Road, Cambridge-CB1 9JB (U.K.)

**Canada** : **Dr. D.P. Singh**
# 2516, Pollard, Drive Mississauga, Ontario, Canada-LSC3HI

CERTIFICATES :

- All Members of "Saini Sansar" magazine are honorary.
- The views expressed by the writers in their articles published in the magazine are their own. They are themselves responsible for their authenticity.
- Publication of "Saini Sansar" is non-commercial.
- Saini Sansar magazine has no political motive.

| **Subscription / Assistance Money** | **India** | **Abroad** |
|---|---|---|
| One Copy | ₹ 30 | 2 £, 4 $, 4 € |
| Annual (Four Copies) | ₹ 100 | 8 £, 15 $, 15 € |
| For Five Years | ₹ 500 | 40 £, 75 $, 75 € |

| **ਚੰਦਾ/ਸਹਾਇਤਾ ਰਾਸ਼ੀ** | **ਭਾਰਤ** | **ਵਿਦੇਸ਼** |
|---|---|---|
| ਇੱਕ ਕਾਪੀ | 30 ਰੁਪਏ | 2 ਪੌਂਡ, 4 ਡਾਲਰ, 4 ਯੂਰੋ |
| ਸਾਲਾਨਾ (ਚਾਰ ਕਾਪੀਆਂ) | 100 ਰੁਪਏ | 8 ਪੌਂਡ, 15 ਡਾਲਰ, 15 ਯੂਰੋ |
| ਪੰਜ ਸਾਲ (20 ਕਾਪੀਆਂ) | 500 ਰੁਪਏ | 40 ਪੌਂਡ, 75 ਡਾਲਰ, 75 ਯੂਰੋ |

ਨੋਟ : ਆਪ ਦਾ ਚੰਦਾ ________ ਅੰਕ ਤੱਕ ਹੈ। ਮੈਗਜ਼ੀਨ ਜਾਰੀ ਰੱਖਣ ਲਈ ਹੋਰ ਰਾਸ਼ੀ ਜਮ੍ਹਾਂ ਕਰਵਾਉਣ ਦੀ ਖੇਚਲ ਕੀਤੀ ਜਾਵੇ।

Address for Correspondence and sending assistance money :
**President, Kaka Ram Saini Charitable Trust (Regd.)**
**Saini Bhavan, Roopnagar-140001, Punjab - India**
**Ph. : 01881-220078, 220181**
**Our Bank : Indian Bank, Ropar. IFSC Code : IDIB000R027 Account No. : 833562779**
**E-mail : sainibhawanrpr@gmail.com**
**Website : www.sainibhawan.org**

Date of Publication : 07.01.2018

# ਸੈਣੀ ਸੰਸਾਰ
(ਤਿਮਾਹੀ)

ਜਿਲਦ 8, ਅੰਕ 1 ਜਨਵਰੀ - ਮਾਰਚ 2018


ਪ੍ਰਕਾਸ਼ਕ, ਪ੍ਰਿੰਟਰ ਅਤੇ ਮਾਲਕ

ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.)
ਸੈਣੀ ਭਵਨ, ਰੂਪਨਗਰ - 140001 (ਪੰਜਾਬ)

ਪ੍ਰਿੰਟਿੰਗ ਪ੍ਰੈਸ

ਤੇਜ ਪ੍ਰਿੰਟਿੰਗ ਪ੍ਰੈਸ , ਫੂਲ ਚੱਕਰ ਬਾਜ਼ਾਰ, ਰੂਪਨਗਰ-140001 (ਪੰਜਾਬ)
ਈ ਮੇਲ : tejprinting@gmail.com

ਪ੍ਰਕਾਸ਼ਨਾ ਸਥਾਨ

ਸੈਣੀ ਭਵਨ
ਰੂਪਨਗਰ - 140001 (ਪੰਜਾਬ)



ਮੁੱਖ ਸੰਪਾਦਕ (ਆਨਰੇਰੀ)

ਡਾ. ਅਜਮੇਰ ਸਿੰਘ ਤੰਬੜ
# ਬੀ-12/5057, ਗੁਰੂ ਨਗਰ,
ਚੰਡੀਗੜ੍ਹ ਰੋਡ, ਰੂਪਨਗਰ - 140001 (ਪੰਜਾਬ)



ਸਰਟੀਫਿਕੇਟਸ

- "ਸੈਣੀ ਸੰਸਾਰ" ਦੇ ਸਾਰੇ ਅਹੁਦੇਦਾਰ ਆਨਰੇਰੀ ਹਨ।
- "ਸੈਣੀ ਸੰਸਾਰ" ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦੇ ਮੈਂਬਰਾਂ ਦਾ ਸਹਿਮਤ ਹੋਣਾ ਲਾਜ਼ਮੀ ਨਹੀਂ ਹੈ।
- ਲੇਖਕ ਆਪਣੀਆਂ, ਰਚਨਾਵਾਂ ਲਈ ਆਪ ਜ਼ਿੰਮੇਵਾਰ ਹਨ।
- "ਸੈਣੀ ਸੰਸਾਰ" ਦਾ ਪ੍ਰਕਾਸ਼ਨ ਗੈਰਵਪਾਰਕ ਹੈ।
- "ਸੈਣੀ ਸੰਸਾਰ" ਦਾ ਕੋਈ ਰਾਜਨੀਤਿਕ ਉਦੇਸ਼ ਨਹੀਂ ਹੈ।

ਸਾਰੇ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ ।


**ਮੁੱਖ ਕਵਰ 'ਤੇ ਫੋਟੋ :**

**ਨਵੇਂ ਸਾਲ ਦਾ ਚੜ੍ਹਦਾ ਸੂਰਜ**

## ਤੱਤਕਰਾ


| ਕੀ | ਕਿੱਥੇ |
|---|---|
| ਸੰਪਾਦਕੀ | 3-4 |
| ਸੈਣੀ ਸਖ਼ਸ਼ੀਅਤ - ਬ੍ਰਹਮਗਿਆਨੀ ਮਹੰਤ ਲਾਲ ਸਿੰਘ ਜੀ | 5-6 |
| History of Rupnagar-II | 7-9 |
| ਕਹਾਣੀ - ਬੇਰੀ | 10 |
| ਗੀਤ | 11 |
| ਸੈਣੀ ਭਵਨ ਰੂਪਨਗਰ ਦੀਆਂ ਸਰਗਰਮੀਆਂ | 12-14 |
| ਇਨਾਮ-ਜੇਤੂ ਭਾਸ਼ਣ | 15 |
| List of Scholarship Recipients | 16-19 |
| ਸੈਣੀ ਸਖਸ਼ੀਅਤ - ਡਾ. ਸਵਰਨ ਸਿੰਘ | 20 |
| ਕਵਿਤਾ | 21 |
| ਮਹਾਨ ਇਨਕਲਾਬੀ - ਲਿਉਨ ਤਾਸਕੀ | 22-23 |
| ਕਹਾਣੀ - ਅਸਲ ਆਜ਼ਾਦੀ | 24 |
| ਸਾਲ 2017 ਦੇ ਨੋਬਲ ਇਨਾਮ ਜੇਤੂ | 25 |
| L.R. Mundra Mem. Scholarship | 26-27 |
| My Journey to Success | 28 |
| ਹੰਭ ਗਏ ਦਰਿਆ | 29-30 |
| ਆਦਰਸ਼ ਅਧਿਆਪਕ - ਮਾਸਟਰ ਪਰਦੁਮਨ ਸਿੰਘ | 31 |
| ਇਲਾਜ ਕਰਾਓ ਸ਼ੱਕ ਦਾ | 32 |
| ਆਓ ਆਪਣੇ ਗਿਆਨ ਦੀ ਪਰਖ ਕਰੀਏ | 33 |
| ਕਵਿਤਾ | 34 |
| Matrimonials | 35-39 |
| Managing Committee of Saini Bhawan Rupnagar | 40 |



## "ਸੈਣੀ ਸੰਸਾਰ" ਵਿੱਚ ਇਸ਼ਤਿਹਾਰਾਂ ਲਈ ਸਹਾਇਤਾ ਰਾਸ਼ੀ :

| | ਇੱਕ ਕਾਪੀ | ਸਾਲਾਨਾ (ਚਾਰ ਕਾਪੀਆਂ) |
|---|---|---|
| ਟਾਈਟਲ ਕਵਰ ਦਾ ਆਖ਼ਰੀ ਬਾਹਰਲਾ ਪੂਰਾ ਪੰਨਾ (ਰੰਗਦਾਰ) | : 3500 ਰੁ: | 13000 ਰੁ: |
| ਟਾਈਟਲ ਕਵਰ ਦਾ ਆਖ਼ਰੀ ਅੰਦਰਲਾ ਪੂਰਾ ਪੰਨਾ (ਰੰਗਦਾਰ) | : 3000 ਰੁ: | 11000 ਰੁ: |
| ਟਾਇਟਲ ਕਵਰ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 2000 ਰੁ: | 7000 ਰੁ: |
| ਮੈਗਜ਼ੀਨ ਦਾ ਅੰਦਰਲਾ ਪੂਰਾ ਪੰਨਾ (ਰੰਗਦਾਰ) | : 2500 ਰੁ: | 9000 ਰੁ: |
| ਮੈਗਜ਼ੀਨ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 1500 ਰੁ: | 5500 ਰੁ: |
| ਅੰਦਰਲਾ ਪੂਰਾ ਪੰਨਾ (ਕਾਲਾ ਤੇ ਚਿੱਟਾ) | : 2000 ਰੁ: | 7000 ਰੁ: |
| ਅੰਦਰਲਾ ਅੱਧਾ ਪੰਨਾ (ਕਾਲਾ ਤੇ ਚਿੱਟਾ) | : 1300 ਰੁ: | 5000 ਰੁ: |
| ਫੋਟੋ, ਸੰਖੇਪ ਵੇਰਵੇ ਸਹਿਤ (ਰੰਗਦਾਰ) ਸਪੇਸ 4 ਸੈ.ਮੀ. x 6 ਸੈ.ਮੀ. | : 500 ਰੁ: | 8 ਸੈ.ਮੀ. x 6 ਸੈ.ਮੀ. = 1000 ਰੁ: |



ਪ੍ਰਕਾਸ਼ਕ :- ਪ੍ਰਧਾਨ, ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ:) ਸੈਣੀ ਭਵਨ ਰੂਪਨਗਰ, ਨੇ ਤੇਜ ਪ੍ਰਿੰਟਿੰਗ ਪ੍ਰੈਸ, ਫੂਲ ਚੱਕਰ ਬਾਜ਼ਾਰ, ਰੂਪਨਗਰ (ਫੋਨ: 98766-26588) ਤੋਂ ਤਿਆਰ ਕਰਵਾ ਕੇ ਸੈਣੀ ਭਵਨ ਰੂਪਨਗਰ ਤੋਂ ਜਾਰੀ ਕੀਤਾ।

## ਸੰਪਾਦਕੀ

# ਟੁੱਟਦੇ ਪਰਿਵਾਰ



ਅਜਮੇਰ ਸਿੰਘ (ਡਾ.)
ਰੂਪਨਗਰ

ਭਾਰਤੀ ਸੱਭਿਆਚਾਰ ਵਿੱਚ ਵਿਆਹ ਇੱਕ ਵਿਅਕਤੀਗਤ ਕ੍ਰਿਆ ਨਾ ਹੋ ਕੇ ਸਮਾਜਿਕ ਵਰਤਾਰਾ ਹੈ। ਇਸ ਵਿੱਚ ਕੁੱਝ ਹੱਦ ਤੱਕ ਰੂਹਾਨੀਅਤ ਵੀ ਸ਼ਾਮਿਲ ਹੈ। ਇਸ ਲਈ ਪਹਿਲੇ ਸਮਿਆਂ ਵਿੱਚ ਇੱਕ ਵਾਰ ਵਿਆਹ-ਬੰਧਨ ਵਿੱਚ ਬੱਝ ਜਾਣ ਉਪਰੰਤ ਇਸ ਦੇ ਟੁੱਟ ਜਾਣ ਦੀ ਸੰਭਾਵਨਾ ਬਹੁਤ ਘੱਟ ਸੀ। ਵਿਆਹ ਤੋਂ ਬਾਅਦ ਲੜਕਾ ਅਤੇ ਲੜਕੀ ਦੀ ਆਜ਼ਾਦ ਹਸਤੀ ਖਤਮ ਹੋ ਜਾਂਦੀ ਸੀ। ਉਹ ਜੋ ਵੀ ਕਰਦੇ ਸਨ ਪਰਿਵਾਰ ਦੀ ਭਲਾਈ ਲਈ ਕਰਦੇ ਸਨ। ਉਨ੍ਹਾਂ ਦਾ ਦੁੱਖ-ਸੁੱਖ ਸਾਂਝਾ ਹੁੰਦਾ ਸੀ। ਸਹੁਰਿਆਂ ਦਾ ਘਰ ਹੀ ਲੜਕੀ ਦਾ ਅਸਲ ਘਰ ਹੁੰਦਾ ਸੀ। ਆਪਣੇ ਪੇਕੇ ਘਰ ਤਾਂ ਉਹ ਪ੍ਰਾਹੁਣਿਆਂ ਵਾਂਗ ਆਉਂਦੀ ਸੀ। ਇਸ ਲਈ ਉਹ ਆਪਣੇ ਮਾਂ-ਬਾਪ ਦੀ ਧੀ ਤਾਂ ਜ਼ਿੰਦਗੀ ਭਰ ਰਹਿੰਦੀ ਸੀ ਪਰ ਉਸ ਦੇ ਹਿਤ ਸਹੁਰਾ-ਪਰਿਵਾਰ ਨਾਲ ਜੁੜ ਜਾਂਦੇ ਸਨ। ਜੇ ਕਿਤੇ ਪਤੀ-ਪਤਨੀ ਵਿਚਕਾਰ ਕੋਈ ਮਨ-ਮੁਟਾਵ ਹੋ ਜਾਂਦਾ ਸੀ ਤਾਂ ਘਰ ਦਾ ਮੁਖੀ ਤੁਰੰਤ ਇਸ ਨੂੰ ਦੂਰ ਕਰ ਦਿੰਦਾ ਸੀ।

ਹੁਣ ਸਮਾਂ ਬਦਲ ਗਿਆ ਹੈ। ਲੜਕੀਆਂ ਨੂੰ ਪੜ੍ਹ ਲਿਖ ਕੇ ਆਪਣੇ ਹੱਕਾਂ ਦਾ ਗਿਆਨ ਹੋ ਗਿਆ ਹੈ। ਲੋਕਾਂ ਵਿੱਚ ਸਹਿਨਸ਼ੀਲਤਾ ਘਟ ਗਈ। ਵਿਆਹੁਤਾ ਜੀਵਨ ਵਿੱਚੋਂ ਜ਼ਿੰਮੇਵਾਰੀ ਦੇ ਅਹਿਸਾਸ ਦੀ ਘਾਟ ਹੋਣ ਲੱਗੀ। ਵਿਆਹ ਨੂੰ ਜ਼ਿੰਮੇਵਾਰੀ ਵਿੱਚ ਵਾਧੇ ਦੀ ਥਾਂ ਐਸ਼ਪ੍ਰਸਤੀ ਦਾ ਸਾਧਨ ਮੰਨਿਆਂ ਜਾਣ ਲੱਗਾ ਤਾਂ ਲੋੜਾਂ ਵਿੱਚ ਬਹੁਤ ਵਾਧਾ ਹੋ ਗਿਆ। ਇਸ ਨਾਲ ਸੀਮਿਤ ਆਮਦਨ ਵਾਲੇ ਘਰਾਂ ਵਿੱਚ ਝਗੜੇ ਵਧਣ ਲੱਗੇ। ਸਾਂਝੇ ਪਰਿਵਾਰ ਟੁੱਟਣ ਲੱਗੇ। ਲੜਕੀਆਂ ਨੇ ਆਪਣੇ ਪਤੀ ਅਤੇ ਸਹੁਰਾ ਪਰਿਵਾਰ ਦੀ ਅਥਾਰਟੀ ਨੂੰ ਚੈਲਿੰਜ ਕਰਨਾ ਸ਼ੁਰੂ ਕਰ ਦਿੱਤਾ। ਸਰਕਾਰ ਨੇ ਵਿਆਹੁਤਾ ਲੜਕੀਆਂ ਨਾਲ ਹੁੰਦੀ ਧੱਕੇਸ਼ਾਹੀ ਨੂੰ ਰੋਕਣ ਲਈ ਦਾਜ-ਵਿਰੋਧੀ ਅਤੇ ਕੁੱਟ-ਮਾਰ ਵਿਰੋਧੀ ਸਖ਼ਤ ਕਾਨੂੰਨ ਬਣਾ ਦਿੱਤੇ। ਇਨ੍ਹਾਂ ਕਾਨੂੰਨਾਂ ਨੇ ਲੜਕੀਆਂ ਨੂੰ ਸੁਰੱਖਿਆ ਤਾਂ ਦਿੱਤੀ ਪਰ ਨਾਲ ਹੀ ਨਵੀਆਂ ਸਮੱਸਿਆਵਾਂ ਨੂੰ ਵੀ ਜਨਮ ਦਿੱਤਾ। ਜਦੋਂ ਵੀ ਪਤੀ-ਪਤਨੀ ਵਿਚਕਾਰ ਕਿਸੇ ਗੱਲ ਤੋਂ ਮੱਤਭੇਦ ਹੋ ਜਾਂਦਾ ਤਾਂ ਕੋਈ ਵੀ ਪਰਿਵਾਰਕ ਮੈਂਬਰ ਇਸ ਨੂੰ ਖਤਮ ਕਰਵਾਉਣ ਲਈ ਵਿਚਕਾਰ ਨਹੀਂ ਪੈਂਦਾ। ਝਗੜਾ ਵਧਦਾ ਵਧਦਾ ਕੁੱਟਮਾਰ ਵਿੱਚ ਬਦਲ ਜਾਂਦਾ ਹੈ। ਲੜਕੀ ਗੁੱਸੇ ਵਿੱਚ ਆ ਕੇ ਠਾਣੇ ਰਿਪੋਰਟ ਦਰਜ ਕਰਵਾਉਂਦੀ ਹੈ ਜਿਸ ਵਿੱਚ ਆਪਣੇ ਪਤੀ ਦੇ ਨਾਲ ਹੀ ਸਹੁਰੇ, ਸੱਸ, ਦਿਉਰ, ਜੇਠ, ਨਣਦ ਅਤੇ ਕਈ ਵੇਰ ਤਾਂ ਨਣਦੋਈਏ ਦਾ ਨਾਮ ਵੀ ਲਿਖਵਾ ਦਿੰਦੀ ਹੈ। ਪੁਲਿਸ ਲੜਕੀ ਦੀ ਸ਼ਿਕਾਇਤ 'ਤੇ ਸਾਰੇ ਪਰਿਵਾਰਕ ਮੈਂਬਰਾਂ ਨੂੰ ਠਾਣੇ ਬੁਲਾ ਲੈਂਦੀ ਕੇ ਪੁੱਛ-ਪ੍ਰਤੀਤ ਕਰਨ ਲਗਦੀ ਹੈ। ਇਸ ਵਿੱਚ ਉਹ ਵਿਅਕਤੀ ਵੀ ਰਗੜੇ ਜਾਂਦੇ ਹਨ ਜਿਨ੍ਹਾਂ ਦਾ ਪਤੀ-ਪਤਨੀ ਦੇ ਝਗੜੇ ਵਿੱਚ ਕੋਈ ਹੱਥ ਨਹੀਂ ਹੁੰਦਾ। ਇਹ ਸਮਾਜਿਕ ਬੇਇਨਸਾਫ਼ੀ ਹੈ।

ਇਸ ਬੇਇਨਸਾਫੀ ਨੂੰ ਦੂਰ ਕਰਨ ਲਈ ਮਾਨਯੋਗ ਸੁਪਰੀਮ ਕੋਰਟ ਦੀਆਂ ਹਦਇਤਾਂ ਅਨੁਸਾਰ ਜ਼ਿਲ੍ਹਾ ਪੱਧਰ 'ਤੇ ਤਿੰਨ ਮੈਂਬਰੀ 'ਪਰਿਵਾਰ ਭਲਾਈ ਕਮੇਟੀ' ਦਾ ਗਠਨ ਕੀਤਾ ਗਿਆ ਹੈ। ਇਹ ਕਮੇਟੀ ਪੁਲਿਸ ਵਲੋਂ ਕੇਸ ਰਜਿਸਟਰ ਕਰਨ ਤੋਂ ਪਹਿਲਾਂ ਸ਼ਿਕਾਇਤ ਦੀ ਚੰਗੀ ਤਰ੍ਹਾਂ ਘੋਖ ਪੜਤਾਲ ਕਰਕੇ ਅਤੇ ਇਸ ਵਿੱਚ ਸ਼ਾਮਲ ਵਿਅਕਤੀਆਂ ਦਾ ਪੱਖ ਸੁਣਨ ਉਪਰੰਤ ਪਹਿਲੀ ਨਜ਼ਰੇ ਦੋਸ਼ੀ ਜਾਪਦੇ ਵਿਅਕਤੀਆਂ ਦੀ ਨਿਸ਼ਾਨਦੇਹੀ ਕਰਕੇ ਰਿਪੋਰਟ ਪੇਸ਼ ਕਰੇਗੀ। ਪੁਲਿਸ ਇਨ੍ਹਾਂ ਵਿਅਕਤੀਆਂ ਵਿਰੁੱਧ ਹੀ ਐਫ.ਆਈ.ਆਰ.ਦਰਜ ਕਰੇਗੀ। ਇਨ੍ਹਾਂ ਸਤਰਾਂ ਦੇ ਲੇਖਕ ਨੂੰ ਰੂਪਨਗਰ ਦੀ ਕਮੇਟੀ ਦੇ ਮੈਂਬਰ ਵਜੋਂ ਨਾਮਜ਼ਦ ਕੀਤਾ ਹੈ। ਹੁਣ ਤੱਕ ਕਾਰਵਾਈ ਅਧੀਨ ਸ਼ਿਕਾਇਤਾਂ ਤੋਂ ਇਸ ਸਮੱਸਿਆ ਦੀ ਕੁੱਝ ਸਮਝ ਆਉਣ ਲੱਗੀ ਹੈ।

ਬਹੁਤੀਆਂ ਲੜਕੀਆਂ ਦੀ ਸ਼ਿਕਾਇਤ ਹੈ ਕਿ ਉਸ ਦੇ ਮਾਂਬਾਪ ਨੇ ਵਿਆਹ ਸਮੇਂ ਬਰਾਤ ਦੀ ਪੂਰੀ ਸੇਵਾ ਕੀਤੀ ਅਤੇ ਆਪਣੀ ਸਮਰਥਾ ਅਨੁਸਾਰ ਘਰ ਵਰਤੋਂ ਦਾ ਸਾਮਾਨ ਵੀ ਦਿੱਤਾ। ਵਿਆਹ ਦੇ ਕੁੱਝ ਮਹੀਨੇ ਤਾਂ ਠੀਕ ਗੁਜ਼ਰੇ ਪਰ ਫਿਰ ਸਹੁਰਾ ਪਰਿਵਾਰ ਨੇ ਦਾਜ ਦੇ ਰੂਪ ਵਿੱਚ ਨਕਦੀ ਪੈਸਿਆਂ ਜਾਂ ਕਾਰ ਤੇ ਗਹਿਣਿਆਂ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ। ਜਦੋਂ ਲੜਕੀ ਦੇ ਮਾਪਿਆਂ ਨੇ ਇਹ ਮੰਗ ਪੂਰੀ ਨਹੀਂ ਕੀਤੀ ਤਾਂ ਉਸ ਨੂੰ ਤੰਗ-ਪ੍ਰੇਸ਼ਾਨ ਕਰਨਾ ਅਤੇ ਮਾਰਨਾ -ਕੁੱਟਣਾ ਸ਼ੁਰੂ ਕਰ ਦਿੱਤਾ ਗਿਆ। ਕਈ ਇਹ ਲਿਖਦੀਆਂ ਹਨ ਕਿ ਉਸ ਦਾ ਪਤੀ ਸ਼ਰਾਬ ਪੀਂਦਾ ਹੈ ਅਤੇ ਜਦੋਂ ਉਹ ਰੋਕਦੀ ਹੈ ਤਾਂ ਉਸ ਨੂੰ ਮਾਰਦਾ ਹੈ। ਸਹੁਰਾ ਪਰਿਵਾਰ ਦੇ ਹੋਰ ਮੈਂਬਰ ਵੀ ਇਸ ਵਿੱਚ ਸ਼ਾਮਲ ਹੁੰਦੇ ਹਨ। ਕੁਝ ਇਹ ਵੀ ਕਹਿੰਦੀਆਂ ਹਨ ਕਿ ਉਸ ਦੇ ਘਰ ਲੜਕੀ ਦਾ ਜਨਮ ਹੋਇਆ ਹੈ ਪਰੰਤੂ ਸਹੁਰਾ ਪਰਿਵਾਰ ਲੜਕੇ ਦੀ ਆਸ ਕਰਦਾ ਸੀ ਜਿਸ ਕਾਰਨ ਉਸ ਨੂੰ ਤੰਗ ਕੀਤਾ ਜਾ ਰਿਹਾ ਹੈ। ਲੜਕੀ ਅੰਤ ਪੇਕੇ ਘਰ ਚਲੇ ਜਾਂਦੀ ਹੈ। ਕੁੱਝ ਨੂੰ ਉਸ ਦੇ ਸਹੁਰੇ ਲੈਣ ਨਹੀਂ ਆਉਂਦੇ ਅਤੇ ਕੁੱਝ ਨੂੰ ਪਤੀ ਲੈਣ ਤਾਂ ਆਉਂਦੇ ਹਨ ਪਰ ਲੜਕੀ ਦੇ ਮਾਂ ਬਾਪ ਆਪਣੀ ਧੀ ਨੂੰ ਨਹੀਂ ਭੇਜਦੇ। ਕੁੱਝ ਕੇਸ ਅਜਿਹੇ ਵੀ ਹਨ ਜਿੱਥੇ ਲੜਕੀ ਕਹਿੰਦੀ ਹੈ ਕਿ ਉਸ ਦਾ ਪਤੀ ਤਾਂ ਠੀਕ ਹੈ ਪਰ ਉਹ ਆਪਣੀ ਮਾਂ ਅਤੇ ਭਰਜਾਈ ਦੀ ਮੰਨਦਾ ਹੈ। ਕੁੱਝ ਲੜਕੀਆਂ ਨੂੰ ਸ਼ਿਕਾਇਤ ਹੈ ਕਿ ਉਨ੍ਹਾਂ ਦੇ ਪਤੀ ਦੇ ਹੋਰ ਜ਼ਨਾਨੀਆਂ ਨਾਲ ਨਾਜਾਇਜ਼ ਸਬੰਧ ਹਨ। ਕਈ ਲੜਕੀਆਂ ਤਾਂ ਆਪਣੇ ਸਾਰੇ ਦੁੱਖਾਂ ਦਾ ਢਾਂਡਾ ਵਿਆਹੀਆਂ-ਵਰੀਆਂ ਪਰ ਪੇਕੇ ਘਰ ਬੈਠੀਆਂ ਨਣਦਾਂ ਸਿਰ ਭੰਨਦੀਆਂ ਹਨ।


ਲੜਕਿਆਂ ਦਾ ਆਮ ਤੌਰ 'ਤੇ ਕਹਿਣਾ ਹੁੰਦਾ ਹੈ ਕਿ ਉਸ

ਦੀ ਪਤਨੀ ਉਸ ਦੇ ਮਾਪਿਆਂ ਨਾਲ ਘੁਲਦੀ-ਮਿਲਦੀ ਨਹੀਂ ਅਤੇ ਹਰ ਸਮੇਂ ਸ਼ਿਕਾਇਤਾਂ ਹੀ ਕਰਦੀ ਰਹਿੰਦੀ ਹੈ। ਉਹ ਹਰ ਕੰਮ ਆਪਣੀ ਮਾਂ ਦੀ ਸਲਾਹ ਨਾਲ ਹੀ ਕਰਦੀ ਹੈ। ਉਹ ਉਨ੍ਹਾਂ ਦੇ ਝਗੜੇ ਦਾ ਸਿੱਧਾ ਦੋਸ਼ ਆਪਣੀਆਂ ਸੱਸਾਂ ਸਿਰ ਮੜ੍ਹਦੇ ਹਨ ਅਤੇ ਸਪਸ਼ਟ ਕਹਿੰਦੇ ਹਨ ਕਿ ਜੇ ਉਸ ਦੀ ਪਤਨੀ ਆਪਣੀ ਮਾਂ ਨਾਲ ਸੰਪਰਕ ਤੋੜ ਲਵੇ ਤਾਂ ਹੀ ਉਨ੍ਹਾਂ ਦਾ ਘਰ ਵਸ ਸਕਦਾ ਹੈ। ਕੋਈ ਵੀ ਸਹੁਰਾ ਪਰਿਵਾਰ ਦਾਜ ਮੰਗਣ ਜਾਂ ਕੁੜੀ ਜੰਮਣ ਕਾਰਨ ਸ਼ਿਕਾਇਤਕਰਤਾ ਨੂੰ ਤਾਹਨੇ- ਮਿਹਣੇ ਦੇਣ ਅਤੇ ਕੁੱਟਮਾਰ ਕਰਨ ਦੇ ਦੋਸ਼ਾਂ ਨੂੰ ਨਹੀਂ ਮੰਨਦਾ।ਕੁੱਝ ਲੜਕੇ ਇਹ ਵੀ ਕਹਿੰਦੇ ਹਨ ਕਿ ਉਸ ਦੀ ਪਤਨੀ ਹਰ ਝਗੜੇ ਵੇਲੇ ਆਪਣੇ ਪਿਉ ਅਤੇ ਭਰਾਵਾਂ ਦੀ ਧੌਂਸ ਦਿੰਦੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਆਪਣੀ ਪਤਨੀ ਨੂੰ ਘਰ ਲੈ ਕੇ ਜਾਣਾ ਚਾਹੁੰਦੇ ਹਨ ਬਸ਼ਰਤੇ ਕਿ ਉਸ ਦੇ ਮਾਂਬਾਪ ਉਨ੍ਹਾਂ ਦੇ ਘਰੇਲੂ ਝਗੜਿਆਂ ਵਿੱਚ ਦਖ਼ਲਅੰਦਾਜ਼ੀ ਬੰਦ ਕਰ ਦੇਣ ਅਤੇ ਲੜਕੀ ਸਹੁਰਾ ਘਰ ਨੂੰ ਆਪਣਾ ਸਮਝੇ।

ਦੁਖੜੇ ਤਾਂ ਸਭ ਦੇ ਵੱਖ ਵੱਖ ਹਨ ਪਰ ਬਹੁਤੀਆਂ ਗੱਲਾਂ ਸਾਂਝੀਆਂ ਹਨ। ਦਾਜ ਮੰਗਣ ਦਾ ਦੋਸ਼ 2-4% 'ਤੇ ਢੁਕਦਾ ਹੈ ਅਤੇ ਕੁੱਟਮਾਰ ਦੀ ਨੌਬਤ ਵੀ ਜ਼ਿਆਦਾ ਝਗੜਾ ਵਧਣ ਦੀ ਹਾਲਤ ਵਿੱਚ ਟਾਵੀਂ ਟਾਵੀਂ ਹੀ ਹੁੰਦੀ ਹੈ। ਇਹ ਦੋਸ਼ ਆਮ ਤੌਰ 'ਤੇ ਨਵੀਆਂ ਵਿਆਹੀਆਂ ਲੜਕੀਆਂ ਦੇ ਹੱਕ ਵਿੱਚ ਬਣੇ ਕਾਨੂੰਨਾਂ ਨੂੰ ਲਾਗੂ ਕਰਵਾਉਣ ਲਈ ਵਕੀਲਾਂ ਜਾਂ ਹੋਰ ਪੜ੍ਹੇ-ਲਿਖੇ ਵਿਅਕਤੀਆਂ ਦੀ ਸਲਾਹ 'ਤੇ ਹੀ ਸ਼ਿਕਾਇਤ ਵਿੱਚ ਲਗਾਏ ਜਾਂਦੇ ਹਨ। ਦੋਵੇਂ ਪਾਸਿਆਂ ਦੇ ਪਰਿਵਾਰਾਂ ਦੀ ਦਖ਼ਲਅੰਦਾਜ਼ੀ ਵੀ ਉਦੋਂ ਹੀ ਹੁੰਦੀ ਹੈ ਜਦੋਂ ਪਤੀ-ਪਤਨੀ ਸਿਆਣੇ ਬਣ ਕੇ ਆਪਣੇ ਮੱਤਭੇਦ ਮਿਟਾਉਣ ਦੀ ਕੋਸ਼ਿਸ਼ ਨਹੀਂ ਕਰਦੇ।ਆਮ ਤੌਰ 'ਤੇ ਲੜਕੀਆਂ ਆਪਣੇ ਸਹੁਰਾ ਘਰ ਜਾਣ ਲਈ ਆਸਾਨੀ ਨਾਲ ਤਿਆਰ ਨਹੀਂ ਹੁੰਦੀਆਂ ਅਤੇ ਤਲਾਕ ਦੀ ਮੰਗ ਕਰਦੀਆਂ ਹਨ। ਉਹ ਰੋ ਰੋ ਕੇ ਡਰ ਪ੍ਰਗਟ ਕਰਦੀਆਂ ਹਨ ਕਿ ਸਹੁਰਾ ਪਰਿਵਾਰ ਵਾਲੇ ਉਸ ਨੂੰ ਮਾਰ ਦੇਣਗੇ। ਜਦੋਂ ਉਨ੍ਹਾਂ ਨੂੰ ਤਲਾਕ ਤੋਂ ਬਾਅਦ ਆਪਣੇ ਮਾਪਿਆਂ ਦੇ ਘਰ ਬੈਠਣ ਸਮੇਂ ਪੈਦਾ ਹੋਣ ਵਾਲੇ ਪਰਿਵਾਰਕ ਕਲੇਸ਼ਾਂ ਅਤੇ ਉਨ੍ਹਾਂ ਦੇ ਬੱਚੇ ਦੇ ਹਨੇਰੇ ਭਵਿੱਖ ਤੋਂ ਉਨ੍ਹਾਂ ਨੂੰ ਜਾਣੂ ਕਰਵਾਇਆ ਜਾਂਦਾ ਹੈ ਤਾਂ ਉਹ ਸੋਚੀਂ ਪੈ ਜਾਂਦੀਆਂ ਹਨ। ਜਦੋਂ ਲੜਕੀ ਦੇ ਸਹੁਰਾ ਪਰਿਵਾਰ ਨੂੰ ਵੀ ਉਨ੍ਹਾਂ ਦੀ ਨੂੰਹ ਵਲੋਂ ਲਗਾਏ ਦੋਸ਼ਾਂ ਤੋਂ ਨਿਕਲਣ ਵਾਲੇ ਭਿਆਨਕ ਸਿੱਟਿਆਂ ਤੋਂ ਜਾਣੂ ਕਰਵਾਇਆ ਜਾਂਦਾ ਹੈ ਤਾਂ ਉਹ ਵੀ ਆਪਣੀਆਂ ਗਲਤੀਆਂ ਨੂੰ ਮਹਿਸੂਸ ਕਰਦਿਆਂ ਠੰਢੇ ਪੈਣ ਲਗਦੇ ਹਨ। ਇਸ ਨਾਲ ਸਮਝੌਤੇ ਦਾ ਮਾਹੌਲ ਬਣ ਜਾਂਦਾ ਹੈ।ਇਸ ਪ੍ਰਕਾਰ ਬਹੁਤ ਘੱਟ ਸ਼ਿਕਾਇਤਾਂ ਨੂੰ ਆਖ਼ਰੀ ਅੰਜ਼ਾਮ ਤੱਕ ਪਹੁੰਚਾਉਣ ਦੀ ਨੌਬਤ ਆਉਂਦੀ ਹੈ।

ਇਸ ਲੇਖਕ ਦਾ ਵਿਚਾਰ ਹੈ ਕਿ ਜੇ ਲੜਕੀ ਦਾ ਸਹੁਰਾ ਪਰਿਵਾਰ ਸਮਝਦਾਰ ਹੋਵੇ ਤਾਂ ਅਜਿਹੀਆਂ ਸ਼ਿਕਾਇਤਾਂ ਦੀ ਗਿਣਤੀ ਬਹੁਤ ਘਟ ਸਕਦੀ ਹੈ। ਉਨ੍ਹਾਂ ਨੂੰ ਸਮਝਣਾ ਚਾਹੀਦਾ ਹੈ ਕਿ ਲੜਕੀ ਕਿਸੇ ਹੋਰ ਪਰਿਵਾਰ 'ਚੋਂ ਆਈ ਹੈ ਜਿਸ ਕਾਰਣ ਉਨ੍ਹਾਂ ਦੇ ਪਰਿਵਾਰ ਵਿੱਚ ਰਚਣ ਨੂੰ ਉਸ ਨੂੰ ਕੁੱਝ ਸਮਾਂ ਲੱਗੇਗਾ। ਇਹ ਪਿਆਰ ਤੇ ਠਰ੍ਹਮੇ ਨਾਲ ਹੀ ਹੋ ਸਕਦਾ ਹੈ।ਜੇ ਉਨ੍ਹਾਂ ਦੇ ਪੁੱਤਰ ਅਤੇ ਨੂੰਹ ਵਿਚਕਾਰ ਕੋਈ ਮੱਤਭੇਦ ਪੈਦਾ ਹੁੰਦੇ ਹਨ ਤਾਂ ਨਿਰਪੱਖ ਰਹਿ ਕੇ ਉਨ੍ਹਾਂ ਨੂੰ ਤੁਰੰਤ ਦੂਰ ਕਰਨ ਦੀ ਕੋਸ਼ਿਸ਼ ਕਰਨ। ਵਿਆਹ ਤੋਂ ਬਾਅਦ ਘਰ ਦੀਆਂ ਬਹੁਤੀਆ ਜ਼ਿੰਮੇਵਾਰੀਆਂ ਆਪਣੀ ਨੂੰਹ ਨੂੰ ਸੌਂਪ ਦੇਣ ਤਾਂ ਜੋ ਉਸ ਵਿੱਚ ਪਰਿਵਾਰ ਪ੍ਰਤਿ ਆਪਣਾਪਣ ਦੀ ਭਾਵਨਾ ਪੈਦਾ ਹੋ ਜਾਵੇ। ਲੜਕੀ ਦੇ ਮਾਂਬਾਪ ਨੂੰ ਚਾਹੀਦਾ ਹੈ ਕਿ ਉਹ ਆਪਣੀ ਧੀ ਦੇ ਵਿਆਹ ਤੋਂ ਬਾਅਦ ਸਹੁਰਾ ਪਰਿਵਾਰ ਨੂੰ ਹੀ ਆਪਣਾ ਸਮਝਣ ਲਈ ਪ੍ਰੇਰਿਤ ਕਰਨ ਅਤੇ ਝਗੜਾ ਵਧਣ ਦੀ ਸੂਰਤ ਵਿੱਚ ਸਹੁਰਾ ਪਰਿਵਾਰ ਨਾਲ ਹਲੀਮੀ ਨਾਲ ਤਾਲਮੇਲ ਕਰਨ।ਸਭ ਤੋਂ ਵੱਧ ਜ਼ਿੰਮੇਵਾਰੀ ਲੜਕੇ ਦੀ ਹੈ। ਉਸ ਨੂੰ ਚਾਹੀਦਾ ਹੈ ਕਿ ਹਰ ਘਰੇਲੂ ਮਸਲੇ ਵਿੱਚ ਸਭ ਤੋਂ ਪਹਿਲਾਂ ਆਪਣੀ ਪਤਨੀ ਦੀ ਸਲਾਹ ਲਵੇ ਅਤੇ ਉਸ ਨੂੰ ਆਪਣੀਆਂ ਆਰਥਿਕ ਤੇ ਸਮਾਜਿਕ ਮਜ਼ਬੂਰੀਆਂ ਤੋਂ ਚੰਗੀ ਤਰ੍ਹਾਂ ਜਾਣੂ ਕਰਵਾਏ।ਜੇ ਉਸ ਦੀ ਪਤਨੀ ਉਸ ਦੀ ਕਿਸੇ ਭੈੜੀ ਆਦਤ ਕਾਰਨ ਰੋਕਦੀ ਹੈ ਤਾਂ ਉਸ ਦੀ ਸਲਾਹ ਨੂੰ ਮੰਨਣ ਦੀ ਹਰ ਸੰਭਵ ਕੋਸ਼ਿਸ਼ ਕਰੇ। ਲੜਕੀ ਦਾ ਫ਼ਰਜ਼ ਹੈ ਕਿ ਆਪਣੇ ਸਹੁਰਾ ਪਰਿਵਾਰ ਦੀਆਂ ਰਵਾਇਤਾਂ ਅਨੁਸਾਰ ਆਪਣੇ ਵਰਤਾਵ ਵਿੱਚ ਤਬਦੀਲੀ ਕਰੇ ਅਤੇ ਪਰਿਵਾਰ ਦੇ ਹਰ ਦੁੱਖ-ਸੁੱਖ ਵਿੱਚ ਸਾਂਝੀਦਾਰ ਬਣੇ। ਉਂਜ ਮਾਂਬਾਪ ਨੂੰ ਆਪਣੇ ਲੜਕੇ ਲੜਕੀਆਂ ਨੂੰ ਇਹ ਸਿੱਖਿਆ ਵਿਆਹ ਤੋਂ ਪਹਿਲਾਂ ਲਾਜ਼ਮੀ ਤੌਰ 'ਤੇ ਦੇਣੀ ਚਾਹੀਦੀ ਹੈ। ਜੇ ਅਜਿਹਾ ਨਾ ਕੀਤਾ ਗਿਆ ਤਾਂ ਬਹੁਗਿਣਤੀ ਪਰਿਵਾਰ ਟੁੱਟਣ ਦੇ ਕਿਨਾਰੇ ਪਹੁੰਚ ਜਾਣਗੇ।ਇਸ ਸਮਾਜਿਕ ਬੁਰਾਈ ਨੂੰ ਠੱਲ੍ਹ ਪਾਉਣੀ ਹਰ ਚੇਤੰਨ ਵਿਅਕਤੀ ਦਾ ਫ਼ਰਜ਼ ਹੈ।

**ਇਸ ਅਪੀਲ ਨਾਲ ਸਾਰੇ ਪਾਠਕਾਂ ਨੂੰ ਨਵੇਂ ਸਾਲ 2018 ਦੀ ਬਹੁਤ ਬਹੁਤ ਵਧਾਈ।**



## ਨਵੇਂ ਸਾਲ ਦਾ ਸੂਰਜ

ਪੁਰਾਣਾ ਜਾਣ ਵਾਲਾ ਹੈ, ਨਵਾਂ ਬਸ ਆਉਣ ਵਾਲਾ ਹੈ।
ਨਵੇਲੇ ਸਾਲ ਦਾ ਸੂਰਜ, ਹੁਣੇ ਮੁਸਕਾਉਂਣ ਵਾਲਾ ਹੈ।
ਸੁਬ੍ਹਾ ਵੇਲੇ ਜਦੋਂ ਪੂਰਬ 'ਚ ਲਾਲੀ ਕਿਰਮਚੀ ਝਲਕੇ,
ਤਾਂ ਸਮਝੋ ਸੂਰਜ ਨੇਰ੍ਹੇ ਨੂੰ ਭਾਜੜ ਪਾਉਣ ਵਾਲਾ ਹੈ।
ਰਹੇ ਸੁੱਤੇ ਜੇ ਘੇਸਲ ਮਾਰ ਕੇ ਤਾਂ ਪਛੜ ਜਾਵੋਗੇ,
ਭਲੇਮਾਨਸ ਭਰਾਵੋ ਕੀ ਇਹ ਵੇਲਾ ਸੌਣ ਵਾਲਾ ਹੈ?

-ਅਮਰ ਸੂਫੀ



ਸੈਣੀ ਬਰਾਦਰੀ ਦੇ ਰੂਹਾਨੀ ਮਹਾਂਪੁਰਸ਼

# ਬ੍ਰਹਮਗਿਆਨੀ ਮਹੰਤ ਲਾਲ ਸਿੰਘ ਜੀ

ਦਵਿੰਦਰ ਸਿੰਘ
ਜੀਆ ਨੱਥਾ (ਹੁਸ਼ਿਆਰਪੁਰ)

ਬ੍ਰਹਮ ਗਿਆਨੀ ਮਹੰਤ ਲਾਲ ਸਿੰਘ ਜੀ ਦਾ ਜਨਮ ਭੇਲੇ ਗੋਤ ਦੇ ਸੈਣੀ ਪਰਿਵਾਰ ਪਿੰਡ ਰਲਹਣ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਸਰਦਾਰ ਚੰਦਾ ਸਿੰਘ ਜੀ ਦੇ ਘਰ 1896 ਈਸਵੀ ਨੂੰ ਹੋਇਆ।ਉਹਨਾਂ ਦਾ ਬਚਪਨ ਚਾਅ-ਮਲ੍ਹਾਰਾਂ ਵਿਚ ਨਹੀ ਸੀ ਬੀਤਿਆ।ਬਚਪਨ ਵਿਚ ਹੀ ਉਹਨਾਂ ਦੇ ਮਾਤਾ ਪਿਤਾ ਅਕਾਲ ਚਲਾਨਾ ਕਰ ਗਏ । ਉਸ ਸਮੇਂ ਉਹਨਾਂ ਦੀ ਉਮਰ ਲਗਭਗ ਪੰਜ ਸਾਲ ਸੀ। ਉਸ ਤੋਂ ਪਿੱਛੋਂ ਬਿਰਧ ਦਾਦੀ ਨੇ ਉਹਨਾਂ ਦੀ ਕੁਝ ਸਮੇਂ ਸੰਭਾਲ ਕੀਤੀ ਪਰੁੰਤ ਕੁਝ ਸਮੇਂ ਬਾਅਦ ਉਹ ਵੀ ਅਕਾਲ ਚਲਾਨਾ ਕਰ ਗਈ।ਉਹਨਾਂ ਦਾ ਮਾਪਿਆਂ ਨੇ ਨਾਮ ਰਾਮ ਲਾਲ ਰਖਿਆ ਸੀ। ਦਾਦੀ ਜੀ ਦੇ ਅਕਾਲ ਚਲਾਣੇ ਕਾਰਨ ਉਹ ਲਾਵਾਰਿਸ ਹੋ ਗਏ। ਉਹਨਾਂ ਦਾ ਇਕ ਵਡਾ ਭਰਾ ਸੀ ਜੋ ਫੌਜ ਵਿਚ ਭਰਤੀ ਹੋ ਚੁਕਾ ਸੀ। ਹੁਣ ਬੇਸਹਾਰਾ ਰਾਮ ਲਾਲ ਦਾ ਕੋਈੌ ਵੀ ਸਹਾਰਾ ਨਾ ਰਿਹਾ। ਇੱਕ ਦਿਨ ਪਿੰਡ ਦੀ ਭੱਠੀ ਤੇ ਝੀਊਰ ਦਾਣੇ ਭੁੰਨ ਰਿਹਾ ਸੀ । ਲਾਵਾਰਿਸ ਰਾਮ ਲਾਲ ਦਾਨਿਆਂ ਦੀਆਂ ਖਿੱਲਾਂ ਚੁੱਕ-ਚੁੱਕ ਖਾ ਰਿਹਾ ਸੀ। ਸ਼ਾਮ ਸਮੇਂ ਝੀਊਰ ਆਪਣਾ ਸਮਾਨ ਚੁੱਕ ਕੇ ਘਰ ਚਲਾ ਗਿਆ ਪਰੰਤੂ ਬਾਲਕ ਰਾਮ ਲਾਲ ਉੱਥੇ ਹੀ ਲਾਵਾਰਿਸ ਹਾਲਤ ਵਿੱਚ ਜ਼ਮੀਨ ਤੇ ਸੌਂ ਗਿਆ। ਰਾਤ ਕਾਫ਼ੀ ਗੁਜਰ ਗਈ ਸੀ, ਕਿਸੇ ਕੰਮਕਾਰ ਦੇ ਸਬੰਧ ਵਿੱਚ ਸ੍ਰ. ਪ੍ਰੀਤਮ ਸਿੰਘ ( ਸਾਬਕਾ ਸਰਪੰਚ ਪਿੰਡ ਰਲਹਣ ) ਦੀ ਦਾਦੀ ਮਾਈ ਭਾਗੋ ਉਸ ਪਾਸੇ ਤੋਂ ਲੰਘੀ।ਉਸਨੇ ਭੱਠੀ ਦੇ ਨੇੜੇ ਕੋਈ ਕਾਲੀ ਚੀਜ਼ ਪਈ ਵੇਖੀ । ਉਸਨੇ ਜਦੋ ਗੁਹ ਨਾਲ ਨੀਵੇਂ ਹੋ ਕੇ ਵੇਖਿਆ ਤਾਂ ਬਾਲ ਰਾਮ ਲਾਲ ਸੁੱਤਾ ਪਿਆ ਸੀ । ਉਹ ਭਾਗਾਂ ਭਰੀ ਬੀਬੀ ਬਾਲ ਰਾਮ ਲਾਲ ਨੂੰ ਉਂਗਲ ਫੜਾ ਕੇ ਆਪਣੇ ਘਰ ਲੈ ਗਈ ਅਤੇ ਕੁਝ ਦਿਨ ਆਪਣੇ ਘਰ ਰੱਖਿਆ । ਇੱਕ ਦਿਨ ਮਾਈ ਭਾਗੋ ਦੇ ਘਰ ਨਿਰਮਲੇ ਸੰਤਾਂ ਦੇ ਡੇਰੇ ਬਾਬਾ ਹਮੀਰ ਸਿੰਘ ਜੀ ਦੇ ਸੇਵਕ ਸਵੇਰ ਸਮੇਂ ਲੰਗਰ ਦੀ ਉਗਰਾਹੀ (ਮਧੂਕਰੀ ) ਲੈਣ ਆਏ ਤਾਂ ਮਾਈ ਭਾਗੋ ਨੇ ਪ੍ਰਸ਼ਾਦੇ ਦੇਂਦੇ ਸਮੇਂ ਆਖਿਆ , ਸੰਤ ਜੀ! ਲਓ ਮੈਂ ਤੁਹਾਨੂੰ ਇੱਕ ਚੇਲਾ ਦੇਂਦੀ ਹਾਂ। ਉਹਨਾਂ ਨੇ ਬਾਲਕ ਰਾਮ ਲਾਲ ਦੀ ਬਾਂਹ ਉਸ ਸੰਤ ਨੂੰ ਪਕੜਾ ਦਿੱਤੀ । ਸੰਤ ਉਹਨਾਂ ਨੂੰ ਡੇਰਾ ਗੁਰੂਸਰ ਖੁੱਡਾ ਸੰਤ ਬਾਬਾ ਹਮੀਰ ਸਿੰਘ ਜੀ ਮਹੰਤ ਜੀ ਕੋਲ ਲੈ ਆਏ। ਹੁਣ ਬਾਲਕ ਰਾਮ ਜੀ ਡੇਰਾ ਗੁਰੂਸਰ ਖੁਡਾ ਰਹਿਣ ਲਗ ਪਏ। ਡੇਰੇ- ਗੁਰਦੁਆਰੇ ਵਿੱਚ ਉਹ ਸਦਾ ਬਾਬਾ ਜੀ ਦੇ ਹੁਕਮ ਦੀ ਪਾਲਣਾ ਕਰਨ ਲਈ ਤਤਪਰ ਰਹਿੰਦੇ । ਇੱਕ ਦਿਨ ਬਾਬਾ ਹਮੀਰ ਸਿੰਘ ਜੀ ਦੇ ਬਾਲਕ ਰਾਮ ਲਾਲ ਨੂੰ ਪੋਥੀ ਪੜ੍ਹ ਕੇ ਸੁਣਾਉਣ ਲਈ ਕਿਹਾ । ਬਾਲਕ ਰਾਮ ਲਾਲ ਪੋਥੀ ਤਾਂ ਲੈ ਆਏ ਪਰੰਤੂ ਪੜ੍ਹਨਾ ਨਹੀਂ ਸੀ ਆਉਂਦਾ । ਹੁਣ ਬਾਬਾ ਹਮੀਰ ਸਿੰਘ ਜੀ ਉਨਾਂ ਨੂੰ ਆਪ ਪੜ੍ਹਾਉਣ ਲੱਗੇ ਅਤੇ ਕੁਝ ਸਮੇਂ ਵਿੱਚ ਹੀ ਉਹ ਸ੍ਰੀ ਗੁਰੂ ਗਰੰਥ ਸਾਹਿਬ ਦੇ ਸੁਘੜ ਪਾਠੀ ਬਣ ਗਏ।

ਬਾਲਕ ਰਾਮ ਲਾਲ ਜੀ ਤੀਖਣ ਬੁਧੀ ਦੇ ਮਾਲਕ ਸਨ ਜੋ ਵੀ ਬਚਪਨ ਵਿੱਚ ਕੁੱਝ ਪੜ੍ਹ ਲੈਂਦੇ , ਉਸ ਨੂੰ ਝੱਟ ਯਾਦ ਕਰ ਲੈਂਦੇ ਸਨ । ਛੇਤੀ ਹੀ ਉਹਨਾਂ ਨੇ ਗੁਰਮਤਿ ਸਾਹਿਤ ਅਤੇ ਸਿੱਖ ਇਤਿਹਾਸ ਦੇ ਗ੍ਰੰਥਾਂ ਦੇ ਅਧਿਆਨ ਕਰ ਲਿਆ , ਇਹਨਾਂ ਤੋਂ ਬਿਨਾਂ ਸੰਸਕ੍ਰਿਤ ਭਾਸ਼ਾ ਦੇ ਵੇਦਾਂਤ ,ਆਯੂਰਵੈਦਿਕ ਦੇ ਗ੍ਰੰਥ ਅਤੇ ਨੀਤੀ ਦੇ ਗ੍ਰੰਥਾਂ ਦਾ ਡੂੰਘਾ ਅਧਿਐਨ ਕੀਤਾ। ਏਨੇ ਵਿਦਵਾਨ ਹੁੰਦੇ ਹੋਏ ਉਹ ਕਦੇ ਹੰਕਾਰ ਵਿੱਚ ਵਿੱਚ ਨਹੀ ਆਏ , ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰ ਕੇ ਮਰਯਾਦਾ ਅਨੁਸਾਰ ਪਾਠ ਕਰਦੇ ਅਤੇ ਬਾਬਾ



ਹਮੀਰ ਸਿੰਘ ਜੀ ਦੇ ਦਰਸ਼ਨ ਕਰਕੇ ਲੰਗਰ ਤਿਆਰ ਕਰਨ ਵਿੱਚ ਰੁੱਝ ਜਾਂਦੇ , ਜੂਠੇ ਬਰਤਨ ਸਾਫ਼ ਕਰਦੇ ਸਨ । ਲੋੜ ਪੈਣ ਤੇ ਬਾਹਰੋਂ ਲੰਗਰ ਲਈ ਬਾਲਣ ਲੈ ਕੇ ਆਉਂਦੇ ਅਤੇ ਕਈ ਵਾਰ ਗੁਰੂਦੁਆਰੇ ਦੇ ਡੰਗਰ ਚਰਾਉਣ ਲਈ ਪਿੰਡ ਜੀਆ ਨੱਥਾ ਵੱਲ ਆ ਜਾਂਦੇ । ਉਥੋਂ ਦੇ ਵਸਨੀਕ ਸੰਤ ਭਗਤ ਸਿੰਘ ਜੀ ਜਿਹਨਾਂ ਨੇ ਪਿੰਡ ਜੀਆ ਨੱਥਾ ਵਿੱਚ ਆਪਣੀ ਜਗ੍ਹਾ ਵਿੱਚ ਧਰਮਸ਼ਾਲਾ ਬਣਾਈ ਹੋਈ ਸੀ, ਬਾਲਕ ਰਾਮ ਲਾਲ ਨੂੰ ਬਹੁਤ ਪਿਆਰ ਕਰਦੇ ਸਨ । ਉਹ ਬਾਲਕ ਰਾਮ ਲਾਲ ਜੀ ਨੂੰ ਪ੍ਰੇਮ ਨਾਲ ਇਸ਼ਨਾਨ ਕਰਾਇਆ ਕਰਦੇ ਸਨ ਅਤੇ ਕੰਘੇ ਨਾਲ ਉਹਨਾ ਦੇ ਕੇਸ ਕਰਿਆ ਕਰਦੇ ਸਨ । ਬਾਬਾ ਹਮੀਰ ਸਿੰਘ ਜੀ ਦੀ ਬਾਲਕ ਰਾਮ ਲਾਲ ਤੇ ਅਪਾਰ ਕਿਰਪਾ ਸੀ । ਹੁਣ ਤੱਕ ਬਾਲਕ ਰਾਮ ਲਾਲ ਜੀ ਦਾ ਨਾਮ ਬਾਬਾ ਹਮੀਰ ਸਿੰਘ ਜੀ ਨੇ ਲਾਲ ਸਿੰਘ ਰੱਖ ਦਿੱਤਾ ਸੀ ਅਤੇ ਭੇਖ ਦੀ ਮਰਯਾਦਾ ਅਨੁਸਾਰ ਉਹਨਾਂ ਨੂੰ ਨਿਰਮਲਾ ਸੰਤ ਬਣਾ ਦਿੱਤਾ ਸੀ । ਹੁਣ ਨੌਜੁਆਨ ਬਾਬਾ ਲਾਲ ਸਿੰਘ ਨੇ ਕਖਾਈ ਬਸਤਰ ਗੇਰੂਏ ਰੰਗ ਵਾਲੇ ਪਹਿਨਣੇ ਸ਼ੁਰੂ ਕਰ ਦਿੱਤੇ ਸਨ ਅਤੇ ਗਾਤੀ ਲਗਾਇਆ ਕਰਦੇ ਸਨ। ਸੂਝ ਅਵਸਥਾ ਵਿੱਚ ਉਹ ਪੂਰਨ ਵਿਵੇਕੀ ਸੰਤ ਬਣ ਗਏ । ਬਾਬਾ ਹਮੀਰ ਸਿੰਘ ਜੀ ਨੇ ਉਹਨ੍ਹਾਂ ਨੂੰ ਸੰਸਕ੍ਰਿਤ ਭਾਸ਼ਾ ਦੇ ਵਿਦਵਾਨ ਬਣਾਉਣ ਲਈ ਗੁਜਰਾਂਵਾਲਾ (ਪਾਕਿਸਤਾਨ ) ਵਿੱਚ ਭੇਜਿਆ ਜਿੱਥੇ ਉਹਨਾਂ ਨੇ ਰਾਇ ਮੂਲ ਸਿੰਘ ਦੀ ਧਰਮਸ਼ਾਲਾ ਵਿਖੇ ਰਹਿ ਕੇ ਵਿਦਿਆ ਗ੍ਰਹਿਣ ਕੀਤੀ।ਵਿਦਿਆ ਗ੍ਰਹਿਣ ਕਰਨ ਤੋਂ ਬਾਅਦ ਵਾਪਸ ਡੇਰਾ ਜੌੜਿਆ ਵਾਬਾ ਗੁਰੂਸਰ ਖੁਡਾ ਵਿਖੇ ਬਾਬਾ ਹਮੀਰ ਸਿੰਘ ਜੀ ਕੋਲ ਆ ਗਏ ਅਤੇ ਫਿਰ ਗੁਰੂ ਘਰ ਦੀ ਸੇਵਾ ਕਰਦੇ ਹੋਏ ਸੇਵਾ ਦੀ ਮੂਰਤੀ ਬਣ ਗਏ। ਫਿਰ ਬਾਬਾ ਹਮੀਰ ਸਿੰਘ ਜੀ ਦੇ ਬ੍ਰਹਮਲੀਨ ਹੋਣ ਤੋਂ ਬਾਅਦ ਬਾਬਾ ਲਾਲ ਸਿੰਘ ਜੀ, ਡੇਰੇ ਦੇ ਮਹੰਤ ਬਣ ਗਏ। ਇਲਾਕੇ ਵਿੱਚ

ਗੁਰਮਤਿ ਦਾ ਬਹੁਤ ਘੱਟ ਪ੍ਰਚਾਰ ਸੀ, ਦੁਆਲੇ ਦੇ ਪਿੰਡ ਖੁੱਡਾ, ਜੀਆ ਨੱਥਾ , ਰਲਹਣ , ਰਾਵਾਂ ਅਤੇ ਚਨੌਤਾਂ ਆਦਿ ਵਸਨੀਕ ਜੋ ਗੁਰਮਤਿ ਦੇ ਗਿਆਨ ਤੋਂ ਕੋਰੇ ਸਨ। ਬਾਬਾ ਲਾਲ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਇਲਾਕੇ ਵਿੱਚ ਬਹਾਲ ਕਰਨ ਲਈ ਪਿੰਡਾਂ ਵਿੱਚ ਗੁਰਦੁਆਰੇ ਬਣਵਾਏ ਅਤੇ ਧਰਮਸ਼ਾਲਾਵਾਂ ਬਣਵਾ ਕੇ ਗੁਰਬਾਣੀ ਦੇ ਪ੍ਰਚਾਰ ਦੀ ਲਹਿਰ ਨੂੰ ਪ੍ਰਚੰਡ ਕੀਤਾ। ਉਹਨਾਂ ਨੇ ਸਮੇਂ-ਸਮੇਂ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਨਿਰਮਲ ਆਸ਼ਰਮ , ਪਿੰਡ ਟੇਰਕਿਆਣਾ ਵਿਖੇ ਨਿਰਮਲ ਬਗੀਚੀ , ਪਿੰਡ ਹਰਸੀ ਪਿੰਡ ਵਿਖੇ ਨਿਰਮਲ ਕੁਟੀਆ ਅਤੇ ਅੰਤਰਜਾਮੀਆ ਕਲੌਨੀ ਸ਼੍ਰੀ ਅੰਮ੍ਰਿਤਸਰ ਵਿਖੇ ਅੰਤਰਜਾਮੀ ਡੇਰਾ ਨੰਬਰ 2. ਧਰਮ ਸਥਾਨ ਕਾਇਮ ਕੀਤੇ । 1925 ਈਸਵੀ ਵਿੱਚ ਲੰਮੀ ਜੱਦੋ-ਜਹਿਦ ਬਾਅਦ ਗੁਰੂਦੁਆਰਾ ਐਕਟ ਹੋਂਦ ਵਿੱਚ ਆਇਆ ਸੀ, ਮਹੰਤ ਬਾਬਾ ਲਾਲ ਸਿੰਘ ਜੀ ਨੇ ਵੀ ਉਸ ਮੂਵਮੈਂਟ ਨੂੰ ਪੂਰਾ ਸਮਰਥਨ ਦਿਤਾ ਸੀ। ਇੱਕ ਵਾਰ ਪੰਡਤ ਜਵਾਹਰ ਲਾਲ ਨਹਿਰੂ ਦੇ ਸਮੇਂ ਪੰਥ ਵੱਲੋਂ ਮਾਸਟਰ ਤਾਰਾ ਸਿੰਘ ਜੀ ਦੀ ਅਗਵਾਈ ਵਿੱਚ ਇੱਕ ਮੂਕ ਜਲੂਸ ਦਿਲੀ ਵਿੱਚ ਨਿਕਲਿਆ ਸੀ, ਜਿਸਦੀ ਅਗਵਾਈ ਵਿੱਚ ਪੰਜ ਪਿਆਰੇ ਜਿਨ੍ਹਾਂ ਵਿੱਚ ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾਂਵਾਲੇ , ਮਹੰਤ ਮੂਲ ਸਿੰਘ ਜੀ ਹੈਡ ਗਰੰਥੀ ਸ੍ਰੀ ਦਰਬਾਰ ਸਾਹਿਬ ਅਤੇ ਮਹੰਤ ਬਾਬਾ ਲਾਲ ਸਿੰਘ ਜੀ ਸ਼ਾਮਲ ਕੀਤੀ ਸੀ। ਆਪ ਜੀ ਨੇ ਉਚੇਚੇ ਯਤਨ ਡੇਰਾ ਗੁਰੂ ਸਰ ਖੁਡਾ ਦੀ ਇਮਾਰਤ 1974 ਈਸਵੀ ਤੋਂ 1976 ਈਸਵੀ ਤਕ ਦੋ ਸਾਲਾਂ ਵਿੱਚ ਬਣਵਾਈ । ਸੰਗਤ ਲਈ ਲੰਗਰ ਦੀ ਇਮਾਰਤ ਅਤੇ ਫਿਰ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਅਦਭੁਤ ਪ੍ਰਕਾਸ਼ ਅਸਥਾਨ ਤਾਮਿਰ ਕਰਵਾਏ ਸਨ। ਉੱਥੇ ਅੱਜ ਕੱਲ੍ਹ ਮੇਲਿਆਂ ਅਤੇ ਵਿਸ਼ੇਸ਼ ਪ੍ਰੋਗਰਾਮਾਂ ਸਮੇਂ ਸੰਗਤ ਨੂੰ ਲੰਗਰ ਛਕਾਇਆ ਜਾਂਦਾ ਹੈ ਅਤੇ ਸੰਗਤਾਂ ਗੁਰਬਾਣੀ ਸਰਵਣ ਕਰਦੀਆਂ ਤੇ ਮਹਾਂਪੁਰਸ਼ਾਂ ਦੇ ਵਿਚਾਰ ਸਰਵਣ ਕਰਕੇ ਲਾਹਾ ਖੱਟਦੀਆਂ ਹਨ।

## ਹਾਰਦਿਕ ਵਧਾਈ

ਸ.ਪਰਮਜੀਤ ਸਿੰਘ



ਲੱਖੇਵਾਲ ਜੋ ਕਿ ਰੂਪਨਗਰ ਜ਼ਿਲ੍ਹੇ ਦੇ ਪਿੰਡ ਲੱਖੇਵਾਲ ਦੇ ਵਸਨੀਕ ਹਨ ਅਤੇ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਹਨ, ਨੂੰ ਸ਼੍ਰੋਮਣੀ ਅਕਾਲੀ ਦਲ ਨੇ ਜ਼ਿਲ੍ਹਾ ਰੂਪਨਗਰ ਦਾ ਜ਼ਿਲ੍ਹਾ ਪ੍ਰਧਾਨ (ਦਿਹਾਤੀ) ਨਿਯੁਕਤ ਕੀਤਾ ਹੈ। ਆਪ ਪ੍ਰਸਿੱਧ ਸਮਾਜਸੇਵੀ ਅਤੇ ਧਾਰਮਿਕ ਵਿਅਕਤੀ ਹਨ। ਇਸ ਨਿਯੁਕਤੀ ਨਾਲ ਸੈਣੀ ਬਰਾਦਰੀ ਦਾ ਸਿਰ ਮਾਣ ਨਾਲ ਉੱਚਾ ਹੋਇਆ ਹੈ। ਸੈਣੀ ਭਵਨ ਦੇ ਪ੍ਰਬੰਧਕ ਆਪ ਨੂੰ ਲੱਖ ਲੱਖ ਵਧਾਈ ਦਿੰਦੇ ਹਨ ਅਤੇ ਸਫਲਤਾ ਦੀ ਅਰਦਾਸ ਕਰਦੇ ਹਨ।

## ਰੂਹਾਨੀ ਸੈਣੀ ਸਖ਼ਸ਼ੀਅਤ,
## ਸੰਤ ਬਲਬੀਰ ਸਿੰਘ ਜੀ ਦਾ ਅਕਾਲ ਚਲਾਣਾ

ਦੁਆਬੇ ਦੇ ਪ੍ਰਸਿੱਧ ਸਵ.ਸੰਤ ਬਾਬਾ ਹਰੀ ਸਿੰਘ ਨੈਕੀਵਾਲਿਆਂ ਦੇ ਗੱਦੀਨਸ਼ੀਨ ਸੰਤ ਬਲਬੀਰ ਸਿੰਘ ਜੀ 16 ਨਵੰਬਰ,2017 ਨੂੰ ਇਸ ਫ਼ਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਏ ਹਨ। ਆਪ ਦਾ ਜਨਮ 1952 ਵਿੱਚ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਪੰਜੌੜ ਵਿਖੇ 'ਵਿਸਾਖੀਦਿਆਂ ਦੇ' ਵਜੋਂ ਜਾਣੇ ਜਾਂਦੇ ਸੈਣੀ ਪਰਿਵਾਰ ਵਿੱਚ ਪਿਤਾ ਸ.ਭਗਤ ਸਿੰਘ ਅਤੇ ਮਾਤਾ ਸ਼੍ਰੀਮਤੀ ਬੰਤ ਕੌਰ ਦੇ ਘਰ ਹੋਇਆ। ਆਪ ਦੇ ਦੋ ਵੱਡੇ ਭਰਾ- ਸੂਬੇਦਾਰ ਅਮਰਜੀਤ ਸਿੰਘ ਅਤੇ ਸ. ਅਮਰੀਕ ਸਿੰਘ ਹਨ। ਆਪ ਅਜੇ ਨੌਵੀਂ ਜਮਾਤ ਵਿੱਚ ਹੀ ਪੜ੍ਹਦੇ ਸਨ ਕਿ ਸੰਤ ਹਰੀ ਜੀ ਦੀ ਅਜਿਹੀ ਪਾਵਨ ਸੰਗਤ ਪ੍ਰਾਪਤ ਹੋਈ ਕਿ ਸਾਰੀ ਉਮਰ ਲਈ ਉਨ੍ਹਾਂ ਦੇ ਹੀ ਹੋ ਗਏ। ਆਪ ਬਚਪਨ ਤੋਂ ਹੀ ਗੰਭੀਰ, ਤਿਆਗੀ , ਬਹੁਤ ਸੰਕੋਚ ਨਾਲ ਬੋਲਣ ਵਾਲੇ ਅਤੇ ਸੰਤ ਸੁਭਾ ਵਾਲੇ ਸਨ। ਸੰਤ ਹਰੀ ਸਿੰਘ ਜੀ ਦੇ ਅਕਾਲਚਲਾਣੇ ਤੋਂ ਬਾਅਦ ਆਪ ਨੂੰ ਇਹ ਗੱਦੀ ਸੌਂਪੀ ਗਈ। ਆਪ ਨੇ ਵਿਆਹ ਨਹੀਂ ਕਰਵਾਇਆ ਅਤੇ ਆਪਣੇ ਪਿਤਰੀ ਪਰਿਵਾਰ ਨਾਲ ਕੋਈ ਮੋਹ ਨਹੀਂ ਰੱਖਿਆ। ਆਪ ਨੇ ਆਪਣੇ ਸੇਵਾ ਕਾਲ ਦੌਰਾਨ ਗੁਰੂਦੁਆਰਾ ਹਰੀਸਰ ਮੰਨਣਹਾਨਾ ਦੀ ਸਥਾਪਨਾ ਕਰਵਾਈ ਅਤੇ ਡੇਰੇ ਦੀਆਂ ਸਮਾਜਿਕ ਤੇ ਧਾਰਮਿਕ ਗਤੀਵਿਧੀਆਂ ਵਿੱਚ ਅਥੱਹ ਵਾਧਾ ਕੀਤਾ। ਇਸ ਸਮੇ ਇਸ ਡੇਰੇ ਵਲੋਂ ਵਿਸ਼ਵਪੱਧਰੀ ਸਾਲਾਨਾ ਕੁਸ਼ਤੀਆਂ ਕਰਵਾਈਆਂ ਜਾਂਦੀਆਂ ਹਨ ਜਿਸ ਵਿੱਚ ਜੇਤੂਆਂ ਨੂੰ ਲੱਖਾਂ ਰੁਪਏ ਦੇ ਇਨਾਮ ਦਿੱਤੇ ਜਾਂਦੇ ਹਨ। ਇੱਥੋਂ ਪ੍ਰੇਰਨਾ ਅਤੇ ਹੌਂਸਲਾ ਲੈ ਕੇ ਕਈ ਭਾਰਤੀ ਪਹਿਲਵਾਨਾਂ ਨੇ ਓਲੰਪਿਕਸ ਅਤੇ ਏਸ਼ੀਅਨ ਖੇਡ ਮੁਕਾਬਲਿਆਂ ਵਿੱਚ ਤਮਗੇ ਜਿੱਤੇ ਹਨ। ਆਪ ਦੀ ਸਰਪ੍ਰਸਤੀ ਅਧੀਨ ਹੀ ਇੱਕ ਵੱਡਾ ਹਸਪਤਾਲ ਅਤੇ ਡਿਗਰੀ ਕਾਲਜ ਵੀ ਪੂਰੀ ਸਫਲਤਾ ਨਾਲ ਸਮਾਜ ਦੀ ਸੇਵਾ ਕਰ ਰਹੇ ਹਨ। ਰੂਹਾਨੀ ਵਿਚਾਰਧਾਰਾ ਨੂੰ ਪ੍ਰਚਾਰਨ ਹਿਤ ਇੱਥੇ ਸਾਲਾਨਾ ਸੰਤ ਸਮਾਗਮ ਵੀ ਕਰਵਾਏ ਜਾਂਦੇ ਹਨ। ਸੰਤ ਬਲਬੀਰ ਸਿੰਘ ਜੀ ਪੂਰਨ ਰੂਪ ਵਿੱਚ ਵਿਰਕਤ ਸਾਧੂ ਸਨ ਜਿਨ੍ਹਾਂ ਨੇ ਹਰ ਸ਼ਰਧਾਲੂ ਨੂੰ ਪਰਮਾਤਮਾ ਦਾ ਹੁਕਮ ਮੰਨਣ ਅਤੇ ਮਨੁੱਖਤਾ ਦਾ ਭਲਾ ਕਰਨ ਦੀ ਸਿੱਖਿਆ ਦਿੱਤੀ। ਆਪ ਸੰਸਾਰਕ ਅਤੇ ਗ੍ਰਿਹਸਥੀ ਚਿੰਤਾਵਾਂ ਤੋਂ ਉੱਪਰ ਉੱਠ ਗਏ ਸਨ। ਦੇਸ਼ ਅਤੇ ਵਿਦੇਸ਼ਾਂ ਤੋਂ ਲੱਖਾਂ ਦੀ ਗਿਣਤੀ ਵਿੱਚ ਸ਼ਰਧਾਲੂ ਆਪ ਦੇ ਸਸਕਾਰ ਅਤੇ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਏ। ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕ ਇਸ ਰੂਹਾਨੀ ਸਖ਼ਸ਼ੀਅਤ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦੇ ਹਨ।



## HISOTRY OF RUPNAGAR - II



Rajiv Saini
Rupnagar

1701 - 1999 AD

..Cont. from page 7 of 27th issue

The battle of Bharsali took place in 1701 between the Guru's forces and Wazir Khan, the Governor of Sirhind. The Sikhs suffered defeat and left Anandpur Sahib. The Guru retreated toward Bharsali as all the enteries to Anandpur Sahib were closed. Mughal Commanders Sayyid Beg and Alif Khan were marching from Lahore to Delhi with a force of about five thousand men. Bhim Chand of Bilaspur joined the Mughals against the Guru and the third battle of Anandpur Sahib took place in 1702. Differences arose between the two generals. After a couple of Skirmishes, Sayyid Beg joined Guru Gobind Singh. This disheartened Alif Khan who retired. Fourth battle of Anandpur Sahib took place in1703. Raja Bhim Chand was not a man of lose heart. He prepared himself for another trial. Raja Bhim Chand alongwith Raja Bhup Chand, Raja Wazir Singh and Raja Dev Saran marched upon Anandpur Sahib. The Sikhs met them outside the town. The hill Rajas fell back and dispersed. Bhim Chand again sought help in 1703 from the Mughal Viceroy at Delhi. The Guru came to know of it. Sayyid Beg and Maim Khan joined the Guru. The combined forces of the Mughal and the hill Rajas invaded Anandpur Sahib and fifth battle of Anandpur Sahib took place. In this battle one hill chief and Sayyid Beg were killed. The invading force drove the Sikhs out of Anandpur Sahib and plundered the town. But after some time Sikh returned and recovered Anandpur Sahib. Sixth battle of Anandpur Sahib took place in 1704 between the Guru's forces and the Mughal Governors of Delhi, Sirhind, Lahore and Jammu as well as the Rajas of Kangra Hills. In September 1704 Anandpur Sahib was most closely besieged by the Mughal forces. Wazir Khan formed a plan to capture the Guru alive. At last Guru agreed to leave Anandpur Sahib and the evacuation began at the dead of night on 20-21 December 1704. The battle of Vichhora Sahib on the river Sirsa took place on 21 December 1704. In this battle Wazir Khan attacked Guru's forces. Guru's mother and his two younger sons were taken by Gangu, an old domestic servant, to his native village Saheri near Morinda. When Guru Govind Singh reached the vicinity of Chamkaur Sahib, he learnt that the enemy was close upon him. He took shelter in a mud-built double storeyed house and the battle took place on 22 December 1704. The Guru offered tough resistance and he lost his two elder sons in this battle. He left the place and reached Machhiwara.



Batttle of Chhappar Chiri (near Kharar) took place in May 1710, Wazir Khan the Governor of Sirhind was killed in this battle and the Banda Bahadur took the control of Sirhind. He appointed Baj Singh as Governor of Sirhind. In 1748 Nawab Kapur Singh established Dal Khalsa. Ahmed Shah Abdali snatched a large portion of Punjab up to Sirhind from the Mughals in 1757. Marathas in collaboration with the Sikhs recapture Punjab from the forces of Ahmed Shah Abdali and made Adina Beg the Governor of Punjab, who appointed Sadik Beg Khan, as a Faujdar of Sirhind in 1758. In 1760 a Jatha of 400 Sikhs

under the leadership of Hari Singh a Virk Jat, of Kaleki near Kasur(nowin Pakistan) marched for the pilgrimage of Anandpur Sahib. On his way he had to fight with the Pathan Nawab of Ropar. He won battle and became the ruler of Ropar State. Ahmed Shah Abdali defeated Marathas in the third battle of Panipat in 1761and appointed Zain Khan as a Faujdar of Sirhind including the present area of Rupnagar District. This turned out to be the last Mohammadan ruler of this area.

After the fall of Sirhind in 1763, a Hindu Chief Garib Dass seized a group of 84 villages in the pargana of Mani Majra and Mullanpur. He captured the fort of Pinjore. Kalka was also included in his territory.Hari Singh, established the Sikh State of Ropar in 1763. After the fall of Sirhind, considerable area of present Rupnagar District also came under the Singhpuria *Misl*. The founder of the *Misl* was Nawab Kapur Singh.The Sikhs under the leadership of Jassa Singh Ahluwalia captured Sirhind in 1764 after killing Zain Khan, the Faujdar of Sirhind. The spot, where two younger sons of Guru Gobind Singh had done to death, was searched out and a Gurdwara called Fatehgarh (Fort of Victory) was built on it.

Fort of Bharatgarh in Rupnagar was constructed in 1783 which was a stronghold of Singhpuria Misl. This fort after Khushal Singh and Budh Singh came to the share of Sardar Amar Singh, who diedissueless.The territory of Garib Dass was conquered and annexed by the Maharaja of Patiala in 1785.

Raja Hari Singh of Ropar died in 1792 and his estate was divided between his two sons Charat Singh and Deva Singh. Soon after Charat Singh died and his minor son Bhup Singh succeeded him..

After the treaty of 1809 Maharaja Ranjit Singh was not allowed by the British to extend his conquest in the Cis-Satluj area, still certain areas here were already under him. Kharar was also under Chief of Maharaja. The British imposed condition upon Ranjit Singh that he would never maintain in the territory, which he occupied on the left bank of the river Satluj.

Bhup Singh being a minor was taken by the British in their protection on 8 November 1813. Bhai Bishan Singh, became the advisor of Raja Bhup Singh. Budh Singh of Singhpuria *Misl* died in 1816 leaving seven sons behind him. His eldest son, Amar Singh retained possession of Bharatgarh and divided the rest of the territories among his six brothers i.e. Bhopal Singh was given the estate of Ghanauli; Gopal Singh, Manauli; Lal Singh, Bunga; Gurdial Singh, Attalgarh; Hardyal Singh, Bela and Dhayal Singh, Kandhaulla.

Maharaja Ranjit Singh claimed supermacy over Chamkaur and Anandpur Sahib and other places belonging to the Sodhis. The claims of the Maharaja were admitted by the British in1827.The meeting between the Maharaja Ranjit Singh and Lord William Bentick took place at Ropar on 26 December 1831 on the bank of Satluj. After the death of Maharaja Ranjit Singh, in 1839 the British began to grab Cis-Satluj area of the Lahore Darbar. As long as Maharaja Ranjit Singh alive, Raja Bhup Singh was safe. Maharaja Ranjit Singh died and the power of the Sikhs declined. The British declared a war against the Sikh State at Lahore in December 1845. Raja Bhup Singh of Ropar did not support the British in the Anglo-Sikh war of 1845. Instead he supported Maharaja Dalip Singh, the minor successor of Maharaja Ranjit Singh. This help given by Raja Bhup Singh to the Lahore Darbar was intolerable for the British. As a result of this, the Sikh State of Ropar was annexed by the British in 1847.

The area of present Rupnagar District came under the British control. The Anandpur area became a part of the Una Tahsil of Hoshiarpur District and much of the area now falling in

Kharar and Rupnagar Tehsils became part of the Ambala District. However some area of the Rupnagar District remained under the princely states of Nalagarh and Patiala under British protection. The revolt of 1857 was a great effort to over throw the British power, but it failed. There was an abortive rising at Rupnagar, Which was promptly suppressed. One Mohar Singh, a factor of the chief of Rupnagar, whose attempt to forbid the slaughter of kine had led to some disturbance was executed.

Pandit Kanshi Ram of village Marauli Kalan in Rupnagar was one of the principal propagator of the Ghadar idea and was the treasurer of the Ghadar Party which was active in U.S.A. and India from 1913 to 1915 for the independence of India. He was hanged in the Lahore Central Jail on 27 March1915. Giani Uday Singh of village Haveli Kalan played an important role during Jaito Morcha for the liberation of Gurudwaras in 1925. Lala Lajpat Rai who died on 17 November 1928, spent his childhood at Ropar (Rupnagar) where his father Shri Radha Krishan was working as teacher in the Government Primary School. Congress launched a mass movement called Civil Disobedience Movementin 1930.A large number of persons from Rupnagar District were also thrown into the Jails for participating in the movement.The persons arrested from present area of Rupnagar were Mathura Dass Gandhi, Dr Ram Nath Pandit, Lala Gurdas Ram and Lala Jai Krishan Dass. S.Baldev Singh of Village Dumna (1902-1961) near Kurali in the Rupnagar District died in 1961. He played an important role in the development of the area of present Rupnagar District. He was the first Defence Minister of India after Independence of the country.

* * * * *

## ਜ਼ਰੂਰੀ ਸੂਚਨਾ ਅਤੇ ਬੇਨਤੀ

ਸੈਣੀ ਬਰਾਦਰੀ ਦੇ ਚੇਤੰਨ ਅਤੇ ਹਿਤੈਸ਼ੀ ਸੱਜਣਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ 36ਵਾਂ ਸਾਲਾਨਾ ਸੈਣੀ ਸੰਮੇਲਨ 7 ਅਪ੍ਰੈਲ,2018 ਨੂੰ ਸੈਣੀ ਭਵਨ ਰੂਪਨਗਰ ਵਿਖੇ ਆਯੋਜਿਤ ਕੀਤਾ ਜਾਵੇਗਾ। ਇਸ ਸੰਮੇਲਨ ਵਿੱਚ ਬਰਾਦਰੀ ਦੀਆਂ ਸਮੱਸਿਆਵਾਂ ਅਤੇ ਰਾਜਨੀਤਿਕ ਮੰਗਾਂ 'ਤੇ ਵਿਚਾਰਵਟਾਂਦਰਾ ਕਰਨ ਉਪਰੰਤ ਇਸ ਦੇ ਲੋਕਾਂ ਦੀ ਬਿਹਤਰੀ ਲਈ ਲੋੜੀਂਦੇ ਭਵਿੱਖੀ ਉਪਰਾਲਿਆਂ ਦੀ ਰੂਪਰੇਖਾ ਤਿਆਰ ਕੀਤੀ ਜਾਵੇਗੀ। ਇਸ ਸਮੇਂ ਬਰਾਦਰੀ ਦੇ ਕਿਸੇ ਸਤਿਕਾਰਤ ਅਤੇ ਪ੍ਰਸਿੱਧ ਆਗੂ ਵਲੋਂ ਸਫ਼ਲ ਅਤੇ ਸਮਾਜਸੇਵੀ ਵਿਅਕਤੀਆਂ ਨੂੰ ਸਨਮਾਨਿਤ ਕੀਤਾ ਜਾਵੇਗਾ ਅਤੇ ਮੈਗਜ਼ੀਨ "ਸੈਣੀ ਸੰਸਾਰ" ਦਾ 29ਵਾਂ ਅੰਕ ਰਿਲੀਜ਼ ਕੀਤਾ ਜਾਵੇਗਾ।ਇਸ ਤੋਂ ਇਲਾਵਾ ਪ੍ਰਸਿੱਧ ਕਲਾਕਾਰ ਸਰੋਤਿਆਂ ਦਾ ਮਨੋਰੰਜਨ ਕਰਨਗੇ। ਆਪ ਸਭ ਨੂੰ ਇਸ ਸੰਮੇਲਨ ਵਿੱਚ ਸ਼ਾਮਲ ਹੋ ਕੇ ਇਸ ਦੀਆਂ ਕਾਰਵਾਈਆਂ ਵਿੱਚ ਕਾਰਗਰ ਯੋਗਦਾਨ ਪਾਉਣ ਲਈ ਸਨਿਮਰ ਬੇਨਤੀ ਹੈ। ਸੈਣੀ ਭਵਨ ਦੇ ਪ੍ਰਬੰਧਕ ਆਪ ਦੇ ਅਤਿ ਧੰਨਵਾਦੀ ਹੋਣਗੇ।

## ਕੋਟਿਨ ਕੋਟਿ ਪ੍ਰਣਾਮ

ਸ਼ਹੀਦੀ ਪੰਦਰਵਾੜੇ ਦੇ ਸ਼ਹੀਦਾਂ ਦੀ ਮਹਾਨ ਸ਼ਹਾਦਤ ਨੂੰ ਕੋਟਿਨ ਕੋਟਿ ਪ੍ਰਣਾਮ। ਇਨ੍ਹਾਂ ਸ਼ਹੀਦਾਂ ਵਿੱਚ ਦੋ 'ਸਾਹਿਬਜ਼ਾਦਿਆਂ' ਅਤੇ ਦੋ 'ਪਿਆਰਿਆਂ' ਤੋਂ ਇਲਾਵਾ ਸੈਣੀ ਬਰਾਦਰੀ ਨਾਲ ਸਬੰਧਤ ਭਾਈ ਨਾਨੂੰ ਸਿੰਘ (ਨਨੂਆਂ) ਉਰਫ ਜੈਮਲ ਸਿੰਘ/ਜਮਾਲਾ ਸਿੰਘ( ਚਮਕੌਰ ਦੀ ਜੰਗ ਦਾ ਸ਼ਹੀਦ), ਉਸਦਾ ਪੁੱਤਰ ਭਾਈ ਘਰਬਾਰਾ ਸਿੰਘ (ਅਗੰਮਪੁਰ ਦੀ ਲੜਾਈ ਦਾ ਸ਼ਹੀਦ) ਅਤੇ ਸ਼ਹੀਦਾਂ ਦਾ ਸਸਕਾਰ ਕਰਨ ਵਾਲੀ ਬੀਬੀ ਸ਼ਰਨ ਕੌਰ (ਪਿੰਡ ਰਾਏਪੁਰ ਨੇੜੇ ਚਮਕੌਰ ਸਾਹਬ) ਵੀ ਸ਼ਾਮਲ ਹਨ। ਸੈਣੀ ਬਰਾਦਰੀ ਨੂੰ ਇਨ੍ਹਾਂ ਗੁਰਸਿੱਖ ਯੋਧਿਆਂ 'ਤੇ ਅੰਤਾਂ ਦਾ ਮਾਣ ਹੈ ਜਿਨ੍ਹਾਂ ਨੇ ਮੁਸੀਬਤ ਸਮੇਂ ਗੁਰੂ ਕਲਗੀਧਰ ਦਾ ਸਾਥ ਜਾਨ ਦੀ ਕੁਰਬਾਨੀ ਦੇ ਕੇ ਨਿਭਾਇਆ।



ਕਹਾਣੀ

# ਬੇਰੀ

ਅਜੀਤ ਸੈਣੀ
ਜਲੰਧਰ

ਸਾਡੇ ਵਿਹੜੇ ਵਿੱਚ ਇੱਕ ਬੇਰੀ ਦਾ ਰੁੱਖ ਸੀ, ਬੜਾ ਪੁਰਾਣਾ। ਲੰਮੇ ਲੰਮੇ ਟਹਿਣੇ ਦੂਰ ਦੂਰ ਤਾਈਂ ਫੈਲੇ ਹੋਏ। ਜਦੋਂ ਬੇਰ ਲਗਦੇ ਤਾਂ ਟਹਿਣੀਆਂ ਬੇਰਾਂ ਦੇ ਭਾਰ ਨਾਲ ਝੁਕ ਕੇ ਜ਼ਮੀਨ ਨਾਲ ਲਗ ਜਾਂਦੀਆਂ।ਉਸ ਦੇ ਮੋਟੇ ਮੋਟੇ ਗੁੱਦੇ ਨਾਲ ਭਰੇ ਹੋਏ ਮਿੱਠੇ ਮਿੱਠੇ ਬੇਰ ਨਿਰੇ ਸਿਉਂ ਜਾਪਦੇ ਸਨ। ਬੱਚੇ ਡੰਡੇ, ਇੱਟਾਂ, ਰੋੜੇ ਮਾਰਦੇ, ਪੱਕੇ ਬੇਰਾਂ ਨਾਲ ਵਿਹੜਾ ਭਰ ਜਾਂਦਾ। ਉਹ ਸੱਟਾਂ ਸਹਿ ਕੇ ਵੀ ਆਪਣੇ ਮਿੱਠੇ ਬੇਰ ਖੁਆਈ ਜਾਂਦੀ ਪਰ ਕਿਸੇ ਨੂੰ ਇਨਕਾਰ ਨਾ ਕਰਦੀ।

ਤੇ ਮੈਂ ਅਜਿਹਾ ਈ ਬੇਰੀ ਦਾ ਇੱਕ ਰੁੱਖ ਆਪਣੇ ਸ਼ਹਿਰ ਦੇ ਕੁੜੀਆਂ ਦੇ ਸਕੂਲ ਵਿੱਚ ਵੇਖਿਆ। ਇਹ ਸੀ ਇਸ ਸਕੂਲ ਦੀ ਨਵੀਂ ਆਈ ਹੈੱਡ ਮਿਸਟਰੈਸ।ਲੋਕ ਇਸ ਦਰਖਤ ਬਾਰੇ ਕਈ ਤਰ੍ਹਾਂ ਦੀਆਂ ਗੱਲਾਂ ਕਰਦੇ ।ਉਸ ਦੇ ਬੇਰਾਂ ਦੀਆਂ ਘੱਟ ਪਰ ਕੰਡਿਆਂ ਦੀਆਂ ਵੱਧ।ਮੈਨੂੰ ਇਹ ਰੁੱਖ ਵੇਖਣ ਦਾ ਮੌਕਾ ਮਿਲ ਗਿਆ ਜਦੋਂ ਮੈਂ ਆਪਣੀ ਭਤੀਜੀ ਨੂੰ ਉਸ ਦੇ ਸਕੂਲ ਵਿੱਚ ਦਾਖਲ ਕਰਾਉਣ ਗਿਆ। ਮੈਂ ਵੇਖਿਆ ਕਿ ਉਸ ਦਾ ਸੁਭਾ ਉਪਰੋਂ ਉਪਰੋਂ ਰੁੱਖਾ ਜ਼ਰੂਰ ਸੀ ਪਰ ਅੰਦਰੋਂ ਬੜੀ ਮਿੱਠੀ ਅਤੇ ਨਰਮ ਦਿਲ ਦੀ ਜ਼ਨਾਨੀ ਸੀ। ਜਦੋਂ ਮੈਂ ਉਸ ਨਾਲ ਕੁੱਝ ਅਪਣੱਤ ਵਾਲੀਆਂ ਗੱਲਾਂ ਕੀਤੀਆਂ ਤਾਂ ਉਹ ਮੇਰੇ ਨਾਲ ਖੁੱਲ੍ਹ ਗਈ। ਉਸ ਨੇ ਆਪਣਾ ਦਰਦ ਫਰੋਲਣ ਲਈ ਮੈਨੂੰ ਆਪਣੇ ਘਰ ਚਾਹ ਦਾ ਸੱਦਾ ਦਿੱਤਾ।

ਚਾਹ ਪੀਂਦੇ ਪੀਂਦੇ ਉਸ ਨੇ ਮੈਨੂੰ ਦੱਸਿਆ ਕਿ ਉਹ ਅਪਣੇ ਸਾਰੇ ਭੈਣ ਭਰਾਵਾਂ ਤੋਂ ਵੱਡੀ ਸੀ। ਉਹ ਅਜੇ ਦਸਵੀਂ ਵਿੱਚ ਹੀ ਪੜ੍ਹਦੀ ਸੀ ਕਿ ਉਸ ਦਾ ਪਿਉ ਰੱਬ ਨੂੰ ਪਿਆਰਾ ਹੋ ਗਿਆ। ਉਸ ਨੇ ਜਿਵੇਂ ਕਿਵੇਂ ਮੈਟ੍ਰਿਕ ਤੇ ਫਿਰ ਬੇਸਿਕ ਕੀਤੀ ਤੇ ਸਕੂਲ ਵਿੱਚ ਉਸਤਾਨੀ ਲੱਗ ਗਈ। ਹੁਣ ਘਰ ਦਾ ਸਾਰਾ ਭਾਰ ਉਸ ਦੇ ਮੋਢਿਆਂ ਉੱਤੇ ਸੀ। ਕੁੱਝ ਸਮੇਂ ਬਾਅਦ ਉਸ ਦੀ ਮਾਂ ਵੀ ਪਤੀ ਦੇ ਗਮ ਨਾਲ ਚੱਲ ਵਸੀ। ਇਸ ਦੇ ਬਾਵਜੂਦ ਉਸ ਨੇ ਹਿੰਮਤ ਨਹੀਂ ਹਾਰੀ। ਉਸ ਨੇ ਆਪਣੇ ਭੈਣ ਭਰਾਵਾਂ ਨੂੰ ਮਾਂ-ਪਿਓ ਦੀ ਅਣਹੋਂਦ ਦਾ ਅਨੁਭਵ ਨਾ ਹੋਣ ਦਿੱਤਾ। ਉਸ ਨੇ ਪਿਓ ਵਾਂਗ ਭਰਾ ਨੂੰ ਪੜ੍ਹਾਇਆ ਲਿਖਾਇਆ ਅਤੇ ਜਿਵੇਂ ਕਿਵੇਂ ਨੌਕਰੀ ਤੇ ਵੀ ਲਗਵਾ ਦਿੱਤਾ। ਫਿਰ ਚਾਈਂ ਚਾਈਂ ਭਰਾ ਦਾ ਵਿਆਹ ਕੀਤਾ।ਪਰ ਭਰਜਾਈ ਅਜਿਹੀ ਨੇਕਬਖਤ ਆਈ ਕਿ ਆਉਂਦੀ ਨੇ ਪਤੀ ਨੂੰ ਵੱਖ ਕਰ ਲਿਆ।

ਉਸ ਨੇ ਨਾ ਰੋਸ ਪ੍ਰਗਟ ਕੀਤਾ ਅਤੇ ਨਾ ਕੋਈ ਗਿਲਾ ਕੀਤਾ ਜਿਵੇਂ ਅਜਿਹੀਆਂ ਸੱਟਾਂ ਹੁਣ ਡੇਗਣ ਦੀ ਥਾਂ ਉਸ ਨੂੰ ਉਤਸ਼ਾਹ ਦੇ ਰਹੀਆਂ ਹੋਣ।ਹੁਣ ਦੋਵੇਂ ਭੈਣਾਂ ਇਕੱਲੀਆਂ ਰਹਿ ਗਈਆਂ ਸਨ।ਉਹ ਆਪਣੀ ਜ਼ਿੰਮੇਵਾਰੀ ਸਮਝਦੀ ਹੋਈ ਭੈਣ ਦਾ ਵਿਆਹ ਪਹਿਲਾਂ ਕਰ ਦੇਣਾ ਚਾਹੁੰਦੀ ਸੀ ਜਿਸ ਲਈ ਕਿਸੇ ਯੋਗ ਵਰ ਦੀ ਤਲਾਸ਼ ਕਰ ਰਹੀ ਸੀ।ਫਿਰ ਪਤਾ ਲੱਗਾ ਕਿ ਉਸ ਦੀ ਭੈਣ ਦਾ ਇੱਕ ਸਕੂਲ ਮਾਸਟਰ ਨਾਲ ਰੋਮਾਂਸ ਚੱਲ ਰਿਹਾ ਸੀ। ਉਸ ਨੂੰ ਇੱਕ ਦਿਨ ਅਜਿਹੀ ਭੈੜੀ ਖਬਰ ਮਿਲੀ ਜਿਸ ਦਾ ਉਸ ਨੂੰ ਚਿੱਤ-ਚੇਤਾ ਵੀ ਨਹੀਂ ਸੀ। ਭੈਣ ਦਾ ਪ੍ਰੇਮੀ ਉਸ ਨੂੰ ਉਧਾਲ ਕੇ ਲੈ ਗਿਆ।ਇਹ ਖਬਰ ਸੁਣ ਕੇ ਉਹ ਸਿਰ ਫੜ ਕੇ ਬਹਿ ਗਈ। ਉਸ ਨੂੰ ਸੁੱਝ ਨਹੀਂ ਸੀ ਰਿਹਾ ਕਿ ਉਹ ਕੀ ਕਰੇ। ਉਸ ਨੂੰ ਅਨੁਭਵ ਹੋਇਆ ਕਿ ਉਸ ਦੇ ਆਪਣੇ ਹੱਥ ਹੀ ਉਸ ਦਾ ਗਲ਼ ਘੁੱਟ ਰਹੇ ਹਨ।

ਉਸ ਹੀ ਘਰ ਵਿੱਚ ਵੱਖ ਰਹਿ ਰਹੀ ਭਰਜਾਈ ਨੇ ਲੂਤੀਆਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ, "ਇੱਕ ਉਧਲ ਗਈ ਏ, ਤੂੰ ਵੀ ਕਿਸੇ ਨਾਲ ਭੱਜ ਜਾਹ, ਇੱਥੇ ਕਾਸ ਲਈ ਬੈਠੀ ਏਂ। ਤੂੰ ਜਾਣ ਬੁੱਝ ਕੇ ਉਸ ਨੂੰ ਘਰੋਂ ਨਸਾਇਆ ਏ, ਤੂੰ ਬਦਚਲਨ ਏਂ"।ਉਸ ਦਾ ਭਰਾ ਵੀ ਉਸ 'ਤੇ ਤੁਹਮਤਾਂ ਲਾਉਣ ਲੱਗਾ। ਇਨ੍ਹਾਂ ਤਾਹਨਿਆਂ-ਮਿਹਣਿਆਂ ਤੋਂ ਤੰਗ ਆ ਕੇ ਉਹ ਆਪਣੀ ਇੱਕ ਸਹੇਲੀ ਦੇ ਕੋਲ ਕਿਰਾਏ ਦੇ ਮਕਾਨ ਵਿੱਚ ਰਹਿਣ ਲਗ ਪਈ। ਉਸ ਨੇ ਦਿਲ ਬਹਿਲਾਵੇ ਲਈ ਆਪਣੀ ਸਹੇਲੀ ਦਾ ਇੱਕ ਲੜਕਾ ਪਾਲਣ ਲਈ ਲੈ ਲਿਆ।

ਕੁੱਝ ਚਿਰ ਤਾਂ ਇਹ ਮੁੰਡਾ ਠੀਕ ਰਿਹਾ ਪਰ ਫਿਰ ਕਿਸੇ ਜੁੰਡਲੀ ਵਿੱਚ ਰਲ਼ ਗਿਆ।ਉਹ ਇੱਕ ਦਿਨ ਉਸ ਦੇ ਘਰੋਂ ਸਾਰਾ ਲੀੜਾ ਲੱਤਾ ਤੇ ਨਕਦੀ ਆਦਿ ਲੈ ਕੇ ਨਸ ਗਿਆ।ਸਹੇਲੀ ਉਸ ਨਾਲ ਹਮਦਰਦੀ ਕਰਨ ਦੀ ਥਾਂ ਉਸ ਨੂੰ ਹੀ ਕੋਸਣ ਲਗ ਪਈ ਕਿ ਉਸ ਨੇ ਮੁੰਡੇ ਨੂੰ ਵਿਗਾੜ ਕੇ ਨਸ ਜਾਣ ਲਈ ਹੱਲਾਸ਼ੇਰੀ ਦਿੱਤੀ ਸੀ। ਇਸ ਘਟਨਾ ਨੇ ਉਸ ਨੂੰ ਇੱਕ ਵਾਰ ਫਿਰ ਹਲੂਣਾ ਦਿੱਤਾ।ਉਸ ਦਾ ਦਿਲ ਭਾਵੇਂ ਟੁੱਟ ਚੁੱਕਾ ਸੀ ਪਰ ਉਹ ਮੁਸੀਬਤਾਂ ਅੱਗੇ ਝੁਕਣਾ ਨਹੀ ਸੀ ਸਿੱਖੀ। ਉਦਾਸ ਦਿਲ ਨੂੰ ਹੋਰ ਪਾਸੇ ਲਾਈ ਰੱਖਣ ਲਈ ਉਸ ਨੇ ਪੜ੍ਹਾਈ ਸ਼ੁਰੂ ਕਰ ਦਿੱਤੀ। ਉਸ ਨੇ ਪਹਿਲਾਂ ਗਿਆਨੀ, ਬੀ.ਏ. ਤੇ ਫਿਰ ਬੀ.ਟੀ. ਪ੍ਰੀਖਿਆ ਪਾਸ ਕਰ ਲਈ। ਉਸ ਦੀ ਤਰੱਕੀ ਹੋ ਗਈ ਅਤੇ ਤਨਖਾਹ ਵੀ ਚੋਖੀ ਵਧ ਗਈ ਸੀ।

ਜਦੋਂ ਉਸ ਦੇ ਭਰਾ ਨੂੰ ਪਤਾ ਲੱਗਾ ਤਾਂ ਉਹ ਫਿਰ ਸ਼ਹਿਦ ਦੀ ਮੱਖੀ ਵਾਂਗ ਉਸ ਦੇ ਦੁਆਲੇ ਘੁੰਮਣ ਲੱਗਾ। ਮਾਂ ਜਾਏ ਭਰਾ ਨੂੰ ਬੂਹੇ 'ਤੇ ਆਇਆ ਤੱਕ ਕੇ ਉਸ ਦਾ ਖੂਨ ਫਿਰ ਪਿਘਲ ਗਿਆ।ਉਹ ਫਿਰ ਭਰਾ ਦੇ ਘਰ ਆਉਣ-ਜਾਣ ਲਗ ਪਈ। ਭਰਾ ਉਸ ਨੂੰ ਕਹਿੰਦਾ,"ਤੂੰ ਮਾਂ-ਪਿਓ ਵਾਂਗ ਸਾਨੂੰ ਪਾਲਦੀ ਰਹੀ ਏਂ।ਹੁਣ ਤੇਰੀ ਸੇਵਾ ਮੈਂ ਕਰਾਂਗਾ।ਮੈਂ ਆਪ ਵਰ ਲੱਭ ਕੇ ਤੇਰਾ ਘਰ ਵਸਾਵਾਂਗਾ"। ਭਾਵੇਂ ਉਸ ਦੀ ਉਮਰ ਤੀਹਾਂ ਤੋਂ ਟੱਪ ਚੁੱਕੀ ਸੀ ਅਤੇ ਉਸ ਨੇ ਵਿਆਹ ਨਾ ਕਰਾਉਣ ਦਾ ਫੈਸਲਾ ਕੀਤਾ ਹੋਇਆ ਸੀ ਪਰ ਭਰਾ ਦੇ ਕਹੇ ਨੂੰ ਟਾਲ ਨਾ ਸਕੀ। ਉਸ ਨੇ ਹਾਂ ਕਰ ਦਿੱਤੀ। ਉਸ ਦੇ ਭਰਾ ਨੇ ਦੱਸਿਆ ਕਿ ਉਸ ਦੇ ਦਫਤਰ ਦਾ ਹੈੱਡਕਲਰਕ ਵਿਆਹ ਕਰਾਉਣ ਲਈ ਤਿਆਰ ਹੈ।ਭਰਾ ਨੂੰ ਕੋਈ ਲਾਭ ਪੁੱਜਦਾ ਹੋਵੇ ਤਾਂ ਭੈਣ

ਰੁਕਾਵਟ ਕਿਵੇਂ ਬਣਦੀ ? ਉਸ ਨੇ ਵਿਆਹ ਲਈ ਹਾਂ ਕਰ ਦਿੱਤੀ। ਜਦੋਂ ਸਭ ਕੁੱਝ ਪੱਕਾ ਹੋ ਗਿਆ ਤਾਂ ਭਰਾ ਨੇ ਕਿਹਾ, " ਸੱਚ ਭੈਣ ਮੈਂ ਇਹ ਦੱਸਣਾ ਈ ਭੁੱਲ ਗਿਆ ਕਿ ਉਸ ਦੀ ਪਹਿਲੀ ਵਹੁਟੀ ਮਰ ਚੁੱਕੀ ਹੈ ਅਤੇ ਉਸ ਦੇ ਦੋ ਬੱਚੇ ਵੀ ਹਨ"। ਉਹ ਕੀ ਕਹਿੰਦੀ ? ਚੁੱਪ ਹੀ ਰਹੀ।

ਤੇ ਫਿਰ ਉਸ ਦਾ ਵਿਆਹ ਹੋ ਗਿਆ। ਉਸ ਦਾ ਪਤੀ ਪੰਤਾਲੀ ਦੇ ਗੇੜ ਵਿੱਚ ਸੀ ਤੇ ਸੀ ਵੀ ਦਾਇਮੀ ਮਰੀਜ਼। ਉਸ ਨੇ ਘਰ ਜਾ ਕੇ ਦੇਖਿਆ ਕਿ ਉਸ ਦੀ ਸੌਕਣ ਦੇ ਦੋ ਦੀ ਥਾਂ ਚਾਰ ਬੱਚੇ ਸਨ। ਉਸ ਨੂੰ ਇਹ ਵੀ ਪਤਾ ਲੱਗਾ ਕਿ ਭਰਾ ਵਿਆਹ ਦਾ ਲਾਲਚ ਦੇ ਕੇ ਉਸ ਦੇ ਪਤੀ ਤੋਂ ਕਾਫੀ ਰੁਪਿਆ ਲੈ ਕੇ ਖਾ ਚੁੱਕਾ ਸੀ। ਪਰ ਜਿਵੇਂ ਮੁਸੀਬਤਾਂ ਨੇ ਉਸ ਦਾ ਖਹਿੜਾ ਨਹੀਂ ਛੱਡਿਆ ਸੀ, ਅਜੇ ਇੱਕ ਵਰ੍ਹਾ ਵੀ ਨਹੀਂ ਹੋਇਆ ਸੀ ਕਿ ਉਸ ਦੇ ਬਿਮਾਰ ਪਤੀ ਚੱਲ ਵਸੇ। ਹੁਣ ਉਹ ਇਨ੍ਹਾਂ ਮਾਂ-ਪਿਓ ਬਾਹਰੇ ਯਤੀਮ ਬੱਚਿਆਂ ਨੂੰ ਪਾਲ ਰਹੀ ਸੀ।

ਉਸ ਦੀ ਸਾਰੀ ਆਪ-ਬੀਤੀ ਸੁਣ ਕੇ ਮੇਰਾ ਸਿਰ ਆਪਣੇ ਆਪ ਉਸ ਦੇ ਕਦਮਾਂ ਵਿੱਚ ਝੁਕ ਗਿਆ ਤੇ ਮਨ ਉਸ ਲਈ ਹਮਦਰਦੀ ਨਾਲ ਭਰ ਗਿਆ। ਉਹ ਇੱਕ ਮਹਾਨ ਦੇਵੀ ਸੀ। ਸਾਡੇ ਘਰ ਦੇ ਬੇਰੀ ਦੇ ਰੁੱਖ ਤੋਂ ਵੀ ਮਹਾਨ, ਜਿਹੜੀ ਲੋਕਾਂ ਦੇ ਇੱਟਾਂ-ਰੋੜੇ ਖਾ ਕੇ ਵੀ ਉਨ੍ਹਾਂ ਨੂੰ ਬੇਰ ਦਈ ਜਾ ਰਹੀ ਸੀ।

❊ ❊ ❊ ❊ ❊

## ਸੈਣੀ ਸ਼ੇਰ ਫਿਰ ਦਹਾੜਿਆ



ਕੁਰੂਕਸ਼ੇਤਰ ਪਾਰਲੀਮਾਨੀ ਹਲਕੇ ਤੋਂ ਲੋਕ ਸਭਾ ਮੈਂਬਰ ਸ਼੍ਰੀ ਰਾਜ ਕੁਮਾਰ ਸੈਣੀ ਨੇ ਜਾਟਾਂ ਦੇ ਗੜ੍ਹ, ਜੀਂਦ ਵਿਖੇ ਵਿਸ਼ਾਲ ਸਮਤਾ ਰੈਲੀ ਕਰਕੇ ਆਪਣੇ ਕੱਟੜ ਵਿਰੋਧੀਆਂ ਨੂੰ ਲਲਕਾਰਿਆ ਹੈ। ਇਸ ਤੋਂ ਪਹਿਲਾਂ ਜਾਟਾਂ ਵਲੋਂ ਸ਼ੁਰੂ ਕੀਤੇ ਰਿਜ਼ਰਵੇਸ਼ਨ ਅੰਦੋਲਨ ਸਮੇਂ ਹੋਈ ਗੁੰਡਾਗਰਦੀ ਵਿਰੁੱਧ ਲਏ ਸਪਸ਼ਟ ਸਟੈਂਡ ਕਾਰਨ ਰਾਜ ਕੁਮਾਰ ਜਾਟਾਂ ਦੀ ਅੱਖ ਵਿੱਚ ਰੜਕਦਾ ਹੈ ਅਤੇ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ ਗਈਆਂ ਸਨ।ਲੋਕਤੰਤਰ ਸੁਰੱਖਿਆ ਮੰਚ ਦੇ ਬੈਨਰ ਕੀਤੀ ਇਸ ਰੈਲੀ 'ਚ ਭੀੜ ਨੇ ਰਾਜ ਕੁਮਾਰ ਨੂੰ ਨਵੇਂ ਸਿਆਸੀ ਦਲ ਦੇ ਗਠਨ ਲਈ ਹੱਥ ਖੜ੍ਹੇ ਕਰ ਕੇ ਸਮਰਥਨ ਦਿੱਤਾ। ਉਨ੍ਹਾਂ ਨੇ ਕਿਸਾਨਾਂ ਅਤੇ ਦਲਿਤਾਂ ਦੇ ਭਲੇ ਲਈ ਨਵੀਆਂ ਨੀਤੀਆਂ ਘੜਨ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਕਿਹਾ ਕਿ ਉਹ ਕਿਸੇ ਲੋੜਵੰਦ ਨੂੰ ਰਿਜ਼ਰਵੇਸ਼ਨ ਦੇਣ ਦੇ ਵਿਰੁੱਧ ਨਹੀਂ ਹਨ ਬਸ਼ਰਤੇ ਕਿ ਇਹ ਇਨਸਾਫਪੂਰਬਕ ਹੋਵੇ। ਸਮੂਹ ਸੈਣੀ ਬਰਾਦਰੀ ਨੂੰ ਆਪਣੇ ਇਸ ਬਹਾਦਰ ਨੇਤਾ 'ਤੇ ਅੱਤਿ ਦਾ ਮਾਣ ਹੈ ਜਿਸ ਨੂੰ ਉਹ ਹਰਿਆਣਾ ਦਾ ਮੁੱਖ ਮੰਤਰੀ ਜਾਂ ਕੇਂਦਰੀ ਮੰਤਰੀ ਵਜੋਂ ਦੇਖਣ ਲਈ ਕਾਹਲੀ ਹੈ।



## ਗੀਤ

ਬਲਬੀਰ ਸਿੰਘ ਸੈਣੀ
ਨੰਗਲ

ਗੋਲੀ-ਸਿੱਕੇ ਵਿੱਚ ਬਦਲ ਗਏ, ਫ਼ਰਜ਼ਾਂ ਦੇ ਸਿਰਨਾਵੇਂ।
ਹੱਕਾਂ ਦੀ ਥਾਂ ਮਿਲਦੇ ਸਾਨੂੰ, ਡਾਗਾਂ ਦੇ ਸਿਰਨਾਵੇਂ।
ਇਹ ਆ ਜਾਣ ਜਾਂ ਉਹ ਆ ਜਾਣ, ਫ਼ਰਕ ਨਹੀਂ ਕੁੱਝ ਪੈਣਾ,
ਵਧਣੇ ਨੇ ਇਹ ਹਰ ਰਾਜ 'ਚ,
ਲੋਟੂ-ਲਾਣਿਆਂ ਦੇ ਸਿਰਨਾਵੇਂ।
ਜਾਂ ਨੇਤਾ ਦੀ ਕਾਰ 'ਚ ਹੁੰਦੇ, ਜਾਇਦਾਦਾਂ ਦੇ ਕਾਗਜ਼,
ਜਾਂ ਹੁੰਦੇ ਨੇ ਚੋਰ-ਉਚੱਕੇ,ਠੱਗਾਂ ਦੇ ਸਿਰਨਾਵੇਂ।
ਨਾ ਹੈ ਸ਼ਰਮ-ਹਯਾ ਨਾ ਇੱਜ਼ਤ, ਨਾ ਹੀ ਰਿਸ਼ਤੇ ਨਾਤੇ,
ਪੱਛਮ ਦੀ ਅੱਗ ਵਿੱਚ ਨੇ ਜਲ਼ ਗਏ,
ਰਿਸ਼ਤਿਆਂ ਦੇ ਸਿਰਨਾਵੇਂ।
ਚੜ੍ਹ ਗਏ ਭੇਂਟ ਮਕਾਨਾਂ ਦੀ ਸਭ, ਪਿਲਕਣ,ਜੰਡ, ਜਮੋਏ,
ਪੁੱਛਿਆ ਕਰਨਗੇ ਬੱਚੇ, ਪਿੱਪਲਾਂ ਬੋਹੜਾਂ ਦੇ ਸਿਰਨਾਵੇਂ।
ਉਹ ਦਿਨ ਦੂਰ ਨਹੀਂ ਜਦ,
ਇਹਨਾਂ ਲਟ-ਲਟ ਬਲ਼ ਉਠ ਖੜ੍ਹਨਾ,
ਵੰਡ ਰਹੇ ਲੀਡਰ ਮੁੰਡਿਆਂ ਨੂੰ, ਜੋ ਨਸ਼ਿਆਂ ਦੇ ਸਿਰਨਾਵੇਂ।
" ਏਕ ਨੂਰ ਤੋਂ ਸਭ ਜਗ ਉਪਜਿਆ,"
ਕਿਸ ਨੂੰ ਯਾਦ ਹੈ ਸੈਣੀ,
ਹੁਣ ਤਾਂ ਸਭ ਨੂੰ ਯਾਦ ਨੇ , ਜਾਤਾਂ-ਗੋਤਾਂ ਦੇ ਸਿਰਨਾਵੇਂ।

-ਨੰਗਲ ਟਾਊਨਸ਼ਿਪ

❊ ❊ ❊ ❊ ❊

ਸੁਣਿਐ ਕਿ ਪਜਾਬ ਦੇ ਪਿੰਡੇ,
ਨਵੇਂ ਜਿਹੇ ਕੁਝ ਜ਼ਖ਼ਮ ਨੇ ਲੱਗੇ।
ਚੱਲ! ਕਿ ਜ਼ਖ਼ਮਾਂ ਉੱਤੇ,
ਸ਼ਬਦਾਂ ਦੇ ਕੁੱਝ ਫੰਬੇ ਲਾ ਕੇ,
ਪਤਾ ਲੈਣ ਨੂੰ ਚੱਲੀਏ, ਝੱਲੀਏ।
ਚੱਲ ਪੰਜਾਬ ਨੂੰ ਚੱਲੀਏ।

ਮੰਨਿਆਂ ਰਾਤ ਲਮੇਰੀ ਹੋਈ,
ਚਿਰ ਹੋਇਆ ਪ੍ਰਭਾਤ ਨਾ ਹੋਈ।
ਸੂਰਜ ਮੁੜ ਕੇ ਚੜ੍ਹ ਸਕਦੇ ਨੇ,
ਚਾਨਣ ਚਾਨਣ ਕਰ ਸਕਦੇ ਨੇ,
ਆਪੋ ਆਪਣੇ ਮੱਥੇ ਬਲਦੇ,
ਸੂਰਜ ਲੈ ਕੇ ਚੱਲੀਏ, ਝੱਲੀਏ।
ਚੱਲ ਪੰਜਾਬ ਨੂੰ ਚੱਲੀਏ।

ਤਿਮਾਹੀ ਅਕਤੂਬਰ - ਦਸੰਬਰ ਦੌਰਾਨ



# ਸੈਣੀ ਭਵਨ ਰੂਪਨਗਰ ਦੀਆਂ ਸਰਗਰਮੀਆਂ

ਬਲਬੀਰ ਸਿੰਘ ਸੈਣੀ
ਰੂਪਨਗਰ

**ਸਾਲਾਨਾ ਭਾਸ਼ਣ ਮੁਕਾਬਲਿਆਂ ਦਾ ਆਯੋਜਨ:-**

**ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ** (ਰਜਿ.) ਵਲੋਂ 3 ਅਕਤੂਬਰ 2017 ਨੂੰ ਸੈਣੀ ਭਵਨ ਰੂਪਨਗਰ **ਵਿਖੇ ਭੱਖਦੇ ਮਸਲਿਆਂ ਦੇ ਵਿਸ਼ੇ "ਪੰਜਾਬ ਵਿੱਚ ਕਿਸਾਨ** ਖੁਦਕਸ਼ੀਆਂ ਦੀ ਸਮੱਸਿਆ-ਕਾਰਨ ਤੇ ਹੱਲ" ਪੰਜਾਬੀ ਭਾਸ਼ਾ ਅਤੇ "ਜੀ.ਐਸ.ਟੀ. ਦਾ ਭਾਰਤੀ ਆਰਥਿਕਤਾ 'ਤੇ ਪ੍ਰਭਾਵ" (Impact of GST on Indian Economy) ਬਾਰੇ ਅੰਗਰੇਜ਼ੀ ਭਾਸ਼ਾ ਵਿੱਚ ਵਿਦਿਆਰਥੀਆਂ ਦੇ ਸਾਲਾਨਾ ਭਾਸ਼ਣ ਮੁਕਾਬਲੇ ਕਰਵਾਏ ਗਏ। ਜੂਨੀਅਰ ਵਰਗ (ਬਾਰ੍ਹਵੀਂ ਜਮਾਤ ਤੱਕ) ਵਿੱਚ ਪੰਜਾਬੀ ਭਾਸ਼ਾ ਦੇ ਵਿਸ਼ੇ 'ਚ 9 ਅਤੇ ਸੀਨੀਅਰ ਵਰਗ (ਬਾਰ੍ਹਵੀਂ ਤੇ ਇਸ ਤੋਂ ਉੱਪਰ ਤੱਕ) ਵਿੱਚ ਅੰਗਰੇਜ਼ੀ ਭਾਸ਼ਾ ਦੇ ਵਿਸ਼ੇ 'ਚ 10 ਵਿਦਿਆਰਥੀਆਂ ਨੇ ਭਾਗ ਲਿਆ। ਪੰਜਾਬੀ ਭਾਸ਼ਾ ਦੇ ਮੁਕਾਬਲੇ 'ਚ ਸੈਂਟ ਕਾਰਮਲ ਸਕੂਲ ਕਟਲੀ ਦੇ ਵਿਦਿਆਰਥੀ ਹਰਸ਼ ਤਿਵਾੜੀ ਨੇ ਪਹਿਲਾ, ਬੀਬੀ ਸ਼ਰਨ ਕੌਰ ਖਾਲਸਾ ਸਕੂਲ ਚਮਕੌਰ ਸਾਹਿਬ ਦੇ ਚਰਨਪ੍ਰੀਤ ਸਿੰਘ ਨੇ ਦੂਜਾ, ਮਹਾਰਾਣੀ ਸਤਿੰਦਰ ਕੌਰ ਸੀ. ਸੈਂ. ਸਕੂਲ ਬੇਲਾ ਦੀ ਰਵਨੀਤ ਕੌਰ ਨੇ ਤੀਜਾ ਸਥਾਨ ਹਾਸਿਲ ਕੀਤਾ ਜਦੋਂ ਕਿ ਡੀ.ਏ.ਵੀ. ਸਕੂਲ ਰੂਪਨਗਰ ਦੀ ਜਾਪ ਕੌਰ ਅਤੇ ਕਿਡਜ਼ ਪੈਰਾਡਾਈਜ਼ ਸਕੂਲ ਰੰਗੀਲਪੁਰ ਦੀ ਸਿਮਰਨਦੀਪ ਕੌਰ ਨੇ ਕ੍ਰਮਵਾਰ ਚੌਥਾ ਤੇ ਪੰਜਵਾਂ ਇਨਾਮ ਜਿੱਤਿਆ। ਅੰਗਰੇਜ਼ੀ ਭਾਸ਼ਾ ਦੇ ਮੁਕਾਬਲੇ 'ਚ ਵੀ ਸੈਂਟ ਕਾਰਮਲ ਸਕੂਲ ਕਟਲੀ ਦੀ ਵਿਦਿਆਰਥਣ ਸਾਲਿਨੀ ਨੇ ਪਹਿਲਾ, ਸ਼੍ਰੀ ਦਸ਼ਮੇਸ਼ ਅਕਾਡਮੀ ਸ਼੍ਰੀ ਅਨੰਦਪੁਰ ਸਾਹਿਬ ਦੇ ਦਿਲਦੀਪਕ ਸਿੰਘ ਨੇ ਦੂਜਾ, ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਬੇਲਾ ਦੇ ਕਮਲਪ੍ਰੀਤ ਸਿੰਘ ਨੇ ਤੀਜਾ ਸਥਾਨ ਹਾਸਿਲ ਕੀਤਾ। ਜਦੋਂ ਕਿ ਸ਼੍ਰੀ ਦਸ਼ਮੇਸ਼ ਅਕਾਡਮੀ ਸ਼੍ਰੀ ਅਨੰਦਪੁਰ ਸਾਹਿਬ ਦੇ ਹਰਗੀਤ ਸਿੰਘ, ਡੀ.ਏ.ਵੀ. ਸਕੂਲ ਰੂਪਨਗਰ ਦੀ ਜਸਮੀਨ ਕੌਰ ਤੇ ਸਰਕਾਰੀ ਕਾਲਜ ਰੂਪਨਗਰ ਦੀ ਜਸਨੀਤ ਕੌਰ ਨੇ ਕਨਸੋਲੇਸ਼ਨ ਇਨਾਮ ਜਿੱਤੇ।

ਜੱਜਾਂ ਦੀ ਭੂਮਿਕਾ, ਪੰਜਾਬੀ ਭਾਸ਼ਾ ਲਈ ਡਾ. ਹੇਮ ਕਿਰਨ, ਪ੍ਰੋ: ਗੁਰਦੀਪ ਸਿੰਘ ਸਾਹੀ ਤੇ ਇੰਜ. ਕਰਨੈਲ ਸਿੰਘ ਨੇ ਅਤੇ ਅੰਗਰੇਜ਼ੀ ਭਾਸ਼ਾ ਲਈ ਕਰਨਲ ਵਿਨੋਦ ਚੌਧਰੀ, ਐਡਵੋਕੇਟ ਮਹਿੰਦਰ ਸਿੰਘ ਭਲਿਆਣ ਤੇ ਇੰਜ. ਰਾਜੀਵ ਸੈਣੀ ਨੇ ਨਿਭਾਈ। ਡਾ. ਜਸਵੰਤ ਕੌਰ ਸੈਣੀ ਅਤੇ ਗੁਰਮੁੱਖ ਸਿੰਘ ਲੌਂਗੀਆ ਨੇ ਪ੍ਰਤਿਯੋਗਤਾਵਾਂ ਨੂੰ ਸਫਲ ਢੰਗ ਨਾਲ ਚਲਾਉਣ ਦੀ ਸੇਵਾ ਨਿਭਾਈ। ਟਰੱਸਟ ਦੇ ਪ੍ਰਧਾਨ ਡਾ. ਅਜਮੇਰ ਸਿੰਘ ਤੰਬੜ ਨੇ ਆਏ ਮਹਿਮਾਨਾਂ ਤੇ ਵਿਦਿਆਰਥੀਆਂ ਦਾ ਸੁਆਗਤ ਕੀਤਾ ਸਮਾਗਮ ਨੂੰ ਟਰੱਸਟ ਦੇ ਸਕੱਤਰ ਸ.ਬਲਬੀਰ ਸਿੰਘ ਸੈਣੀ, ਪੀ.ਆਰ.ਓ. ਰਾਜਿੰਦਰ ਸੈਣੀ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਸੰਸਥਾ ਦੀ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰ ਕੈਪਟਨ ਹਾਕਮ ਸਿੰਘ, ਸ.ਅਮਰਜੀਤ ਸਿੰਘ, ਸ.ਗੁਰਮੁੱਖ ਸਿੰਘ ਸੈਣੀ, ਸ.ਅਜੀਤ ਸਿੰਘ, ਸ਼੍ਰੀ ਬੀ.ਐਸ. ਪਾਬਲਾ, ਸ.ਰਾਜਿੰਦਰ ਸਿੰਘ, ਸ.ਅਜਮੇਰ ਸਿੰਘ ਧਮੜੈਤ, ਸ.ਸੁਰਿੰਦਰ ਸਿੰਘ, ਸ.ਗੁਰਚਰਨ ਸਿੰਘ ਅਤੇ ਸ.ਹਰਦੀਪ ਸਿੰਘ ਆਦਿ ਹਾਜ਼ਰ ਸਨ।

**ਵਜ਼ੀਫ਼ਿਆਂ ਦੀ ਵੰਡ-**

ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ (ਰਜਿ.) ਵਲੋਂ 7 ਅਕਤੂਬਰ 2017 ਨੂੰ ਆਯੋਜਤ ਸਾਲਾਨਾ ਸਿੱਖਿਆ **ਸਮਾਗਮ ਦੌਰਾਨ ਆਰਥਿਕ ਪੱਖੋਂ ਕਮਜ਼ੋਰ ਪਰਿਵਾਰਾਂ ਦੇ** ਪੜ੍ਹਾਈ ਵਿੱਚ ਹੁਸ਼ਿਆਰ 107 ਵਿਦਿਆਰਥੀਆਂ ਨੂੰ ਸਾਲ 2017-18 ਲਈ 5 ਲੱਖ 5 ਹਜ਼ਾਰ ਰੁਪਏ ਦੇ ਵਜੀਫੇ ਵੰਡੇ। ਇਸ ਸਮਾਗਮ ਦੇ ਮੁੱਖ ਮਹਿਮਾਨ ਰੂਪਨਗਰ ਜ਼ਿਲ੍ਹੇ ਦੇ **ਡਿਪਟੀ ਕਮਿਸ਼ਨਰ ਸ਼੍ਰੀਮਤੀ ਗੁਰਨੀਤ ਤੇਜ ਆਈ. ਏ.ਐਸ.** ਨੇ ਕਿਹਾ ਕਿ ਜਿਸ ਤਰਾਂ ਇਹ ਟਰੱਸਟ ਸੇਵਾ ਭਾਵ ਨਾਲ **ਲੋੜਵੰਦਾਂ ਨੂੰ ਅੱਗੇ ਵੱਧਣ ਲਈ ਮਦਦ ਕਰ ਰਿਹਾ ਹੈ ਇਸੇ** ਤਰਾਂ ਮਦਦ ਹਾਸਿਲ ਕਰਨ ਵਾਲਿਆਂ ਨੂੰ ਵੀ ਸੇਵਾ ਦੇ ਜਜਬੇ ਨਾਲ ਦੂਜਿਆਂ ਦੇ ਮਦਦਗਾਰ ਬਨਣ ਲਈ ਕੁੱਝ ਕਰਨਾ ਚਾਹੀਦਾ ਹੈ। ਡਿਪਟੀ ਕਮਿਸ਼ਨਰ ਨੇ ਟਰੱਸਟ ਦੇ ਪ੍ਰਬੰਧਕਾਂ ਨੂੰ ਨੇਕ ਕਾਰਜ ਕਰਨ ਲਈ ਵਧਾਈ ਦਿੱਤੀ ਅਤੇ ਭਾਸ਼ਣ ਮੁਕਾਬਲਿਆਂ ਦੇ ਜੇਤੂ ਵਿਦਿਆਰਥੀਆਂ ਨੂੰ ਵੀ ਨਕਦ ਇਨਾਮ ਦੇ ਕੇ ਸਨਮਾਨਿਤ ਕੀਤਾ। ਇਸ ਵਿੱਚ ਸੀਨੀਅਰ ਵਰਗ ਦੇ ਪਹਿਲੇ, ਦੂਜੇ ਤੇ ਤੀਜੇ ਸਥਾਨ 'ਤੇ ਆਏ ਵਿਦਿਆਰਥੀਆਂ ਨੂੰ ਕ੍ਰਮਵਾਰ 2000 ਰੁਪਏ, 1600 ਰੁਪਏ, 1200 ਰੁਪਏ ਅਤੇ ਚੌਥੇ ਤੇ ਪੰਜਵੇਂ ਸਥਾਨ 'ਤੇ ਆਏ ਵਿਦਿਆਰਥੀਆਂ ਨੂੰ 500-500 ਦੇ ਨਕਦ ਇਨਾਮ ਦਿੱਤੇ ਗਏ। ਜੂਨੀਅਰ ਵਰਗ ਦੇ ਪਹਿਲੇ, ਦੂਜੇ ਤੇ ਤੀਜੇ ਸਥਾਨ ਵਾਲੇ ਨੂੰ ਕ੍ਰਮਵਾਰ 1600 ਰੁਪਏ, 1200 ਰੁਪਏ ਤੇ 1000 ਰੁਪਏ ਜਦੋਂ ਕਿ ਚੌਥੇ ਤੇ ਪੰਜਵੇਂ ਸਥਾਨ ਵਾਲਿਆਂ ਨੂੰ 500-500 ਦੇ ਇਨਾਮ ਦਿੱਤੇ ਗਏ।

ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਸੰਤ ਬਾਬਾ ਅਵਤਾਰ ਸਿੰਘ ਹੈਡ ਦਰਬਾਰ ਵਾਲਿਆਂ ਨੇ ਕਿਹਾ ਕਿ ਸੈਣੀ **ਚੈਰੀਟੇਬਲ ਐਜੂਕੇਸ਼ਨ ਟਰੱਸਟ** ਨੇ ਗਿਆਨ ਦੇ ਤੀਜੇ ਨੇਤਰ ਵਿਦਿਆ ਦੇ ਪ੍ਰਸਾਰ ਲਈ ਅੱਜ ਪੰਜਾਬ ਵਿੱਚ ਆਪਣੀ ਵੱਖਰੀ ਪਹਿਚਾਣ ਬਣਾਈ ਹੈ। ਇਸ ਦਾ ਸਿਹਰਾ ਇਸ ਟਰੱਸਟ ਦੇ ਮੋਢੀਆਂ, ਸੂਝਵਾਨ ਪ੍ਰਬੰਧਕਾਂ ਅਤੇ ਦਾਨੀਆਂ ਨੂੰ ਜਾਂਦਾ ਹੈ, ਜੋ ਨਿਸ਼ਕਾਮ ਭਾਵਨਾ ਨਾਲ ਲੋੜਵੰਦ ਪਰਿਵਾਰਾਂ ਦੇ ਬੱਚਿਆਂ ਦੀ ਆਰਥਿਕ ਮਦਦ ਕਰ ਰਹੇ ਹਨ। ਇਸ ਸਮੇਂ **ਟਰੱਸਟ ਦੇ ਪ੍ਰਧਾਨ ਡਾ. ਅਜਮੇਰ ਸਿੰਘ ਨੇ ਸੈਣੀ ਭਵਨ ਦੀਆਂ** ਸਰਗਰਮੀਆਂ 'ਤੇ ਵਿਸਥਾਰ ਨਾਲ ਚਾਨਣਾ ਪਾਇਆ,

ਸਕੱਤਰ ਸ.ਬਲਬੀਰ ਸਿੰਘ ਨੇ ਟਰੱਸਟ ਨੂੰ ਵਜ਼ੀਫਿਆਂ ਲਈ ਧਨ ਦਾਨ ਦੇਣ ਵਾਲਿਆਂ ਦਾ ਧੰਨਵਾਦ ਕੀਤਾ, ਪੀ.ਆਰ.ਓ. ਸ਼੍ਰੀ ਰਾਜਿੰਦਰ ਸੈਣੀ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਟਰੱਸਟੀ ਸ.ਰਾਮ ਸਿੰਘ ਸੈਣੀ ਨੇ ਧੰਨਵਾਦ ਕੀਤਾ।

**"ਸੈਣੀ ਸੰਸਾਰ" ਦੇ 27ਵੇਂ ਅੰਕ ਲੋਕਅਰਪਣ:-**

ਡਿਪਟੀ ਕਮਿਸ਼ਨਰ ਸ਼੍ਰੀਮਤੀ ਗੁਰਨੀਤ ਤੇਜ ਨੇ ਸੈਣੀ ਭਵਨ ਵਿਖੇ 7 ਅਕਤੂਬਰ 2017 ਨੂੰ ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ ਵਲੋਂ ਪ੍ਰਕਾਸ਼ਿਤ ਸਮਾਜਿਕ ਚੇਤਨਾ ਦਾ ਪ੍ਰਤੀਕ ਤਿਮਾਹੀ ਮੈਗਜ਼ੀਨ "ਸੈਣੀ ਸੰਸਾਰ" ਦਾ 27ਵਾਂ ਅੰਕ ਵੀ ਲੋਕਅਰਪਣ ਕੀਤਾ। ਸਮਾਗਮ ਦੌਰਾਨ ਸੰਸਥਾ ਵਿਖੇ ਆਪਣੇ ਕੋਰਸ ਪੂਰੇ ਕਰਨ ਵਾਲੀਆਂ ਸਿੱਖਿਆਰਥਣਾਂ ਨੂੰ ਸਰਟੀਫਿਕੇਟ ਵੰਡੇ ਗਏ ਅਤੇ ਹੁਨਰ ਮੁਕਾਬਲੇ ਵਿੱਚ ਜੇਤੂ ਸਿੱਖਿਆਰਥਣਾਂ ਨੂੰ ਇਨਾਮ ਦਿੱਤੇ ਗਏ।ਇਸ ਸਮੇਂ ਸੰਸਥਾ ਨੂੰ ਦਾਨ ਕਰਨ ਵਾਲੇ ਹਾਜ਼ਰ ਦਾਨੀਆਂ ਸ. ਰਾਜਿੰਦਰ ਸਿੰਘ ਨਨੂਆਂ, ਇੰਜ.ਅਮਰੀਕ ਸਿੰਘ, ਸ.ਸੁਰਮੁੱਖ ਸਿੰਘ ਸੈਣੀ ਐਮ.ਸੀ., ਪੱਤਰਕਾਰ ਸਤਨਾਮ ਸਿੰਘ ਸੱਤੀ, ਸ਼੍ਰੀਮਤੀ ਸੰਤੋਸ਼ ਸੈਣੀ, ਸ਼੍ਰੀਮਤੀ ਸੁਮਿਤਾ ਸੈਣੀ ਅਤੇ ਹੋਰ ਪਤਵੰਤੇ ਸੱਜਣਾਂ ਸ਼੍ਰੀਮਤੀ ਭਗਵੰਤ ਕੌਰ ਤੇ ਡਾ. ਕ੍ਰਿਪਾਲ ਸਿੰਘ ਬੇਲਾ ਆਦਿ ਦਾ ਸਨਮਾਨ ਕੀਤਾ ਗਿਆ। ਸੰਸਥਾ ਦੀਆਂ ਸਿੱਖਿਆਰਥਣਾਂ ਨੇ ਲੋਕ ਗੀਤ ਤੇ ਐਕਸ਼ਨ ਗੀਤਾਂ ਰਾਹੀ ਦਰਸ਼ਕਾਂ ਦਾ ਮਨੋਰੰਜਨ ਕੀਤਾ। ਇਸ ਮੌਕੇ 'ਤੇ ਰੂਪਨਗਰ ਪ੍ਰੈਸ ਕਲੱਬ ਦੇ ਪ੍ਰਧਾਨ ਬਹਾਦਰਜੀਤ ਸਿੰਘ ਅਤੇ ਸੈਣੀ ਭਵਨ ਦੀ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰ ਹਾਜ਼ਰ ਸਨ।

**ਦੀਵਾਲੀ ਦੀਆਂ ਖੁਸ਼ੀਆਂ :-**

ਸੈਣੀ ਭਵਨ ਦੇ ਟਰੱਟਸੀਆਂ ਵਲੋਂ 18 ਅਕਤੂਬਰ 2017 ਨੂੰ ਬਜ਼ੁਰਗਾਂ ਲਈ ਬਣਾਏ ਗਏ "ਆਪਣਾ ਘਰ" ਹਵੇਲੀ ਕਲਾਂ ਵਿਖੇ ਰਹਿ ਰਹੇ ਬਜ਼ੁਰਗਾਂ ਨਾਲ ਦੀਵਾਲੀ ਦੀਆਂ ਖੁਸ਼ੀਆਂ ਸਾਂਝੀਆ ਕੀਤੀਆਂ ਗਈਆਂ। ਇਸ ਮੌਕੇ ਇਸ ਘਰ ਵਿਖੇ ਪੱਕੇ ਤੌਰ ਤੇ ਰਹਿ ਰਹੇ ਬਜ਼ੁਰਗਾਂ ਤੋਂ ਰੋਜ਼ਾਨਾਂ ਆਉਣ ਵਾਲੇ ਬਜ਼ੁਰਗ ਅਤੇ ਸੰਸਥਾ ਦੇ ਟਰੱਸਟੀ ਹਾਜ਼ਰ ਸਨ।ਆਪਣਾ ਘਰ ਦੇ ਪ੍ਰਧਾਨ ਰਾਜਿੰਦਰ ਸੈਣੀ ਨੇ ਇਸ ਸਮੇਂ ਸਮਾਜ ਦੇ ਸਮੂਹ ਬਜ਼ੁਰਗਾਂ ਨੂੰ ਦੀਵਾਲੀ ਦੇ ਤਿਉਹਾਰ ਦੀ ਵਧਾਈ ਦਿੱਤੀ ਅਤੇ ਉਨ੍ਹਾ ਦੇ ਖੁਸ਼ਹਾਲ ਜੀਵਨ ਦੀ ਕਾਮਨਾ ਕੀਤੀ। ਉਨ੍ਹਾਂ ਕਿਹਾ ਕਿ ਇਸ ਸੰਸਥਾ ਦੇ ਸੰਸਥਾਪਕ ਸਵ: ਐਲ ਆਰ ਮੁੰਦਰਾ ਨੇ ਸਮਾਜ ਦੇ ਲੋੜਵੰਦ ਬਜ਼ੁਰਗਾਂ ਲਈ ਜਿਸ ਸੋਚ ਨੂੰ ਲੈਕੇ "ਆਪਣਾ ਘਰ" ਦੀ ਸਥਾਪਨਾ ਕੀਤੀ ਹੈ ਟਰੱਸਟ ਉਸ ਸੋਚ ਨੂੰ ਅੱਗੇ ਵਧਾਉਣ ਲਈ ਲਗਾਤਾਰ ਯਤਨਸ਼ੀਲ ਹੈ। ਇਸ ਮੌਕੇ "ਆਪਣਾ ਘਰ" ਦੇ ਟਰੱਸਟੀਆਂ ਤੋਂ ਇਲਾਵਾ ਸੈਣੀ ਭਵਨ ਤੋਂ ਡਾ. ਜਸਵੰਤ ਕੌਰ ਅਤੇ ਹੋਰ ਪਤਵੰਤੇ ਸ਼ਹਿਰੀ ਹਾਜ਼ਰ ਸਨ।

**ਰਵਿੰਦਰ ਕੌਰ ਸੈਣੀ ਆਈ.ਆਰ.ਐਸ. ਦਾ ਸਨਮਾਨ-** ਸੈਣੀ ਭਵਨ ਰੂਪਨਗਰ ਦੇ ਸਾਬਕਾ ਟਰੱਸਟੀ ਸਵ. ਪ੍ਰੇਮ ਚੰਦ ਸੈਣੀ ਦੀ ਦੋਹਤਰੀ ਦਿੱਲੀ ਨਿਵਾਸੀ ਰਵਿੰਦਰ ਕੌਰ ਨੇ ਰਾਸ਼ਟਰੀ ਪੱਧਰੀ ਇਹ ਮਾਨਮੱਤੀ ਪ੍ਰੀਖਿਆ ਪਾਸ ਕਰਕੇ ਆਪਣੇ ਪਰਿਵਾਰ ਦਾ ਹੀ ਨਹੀਂ ਬਲਕਿ ਪੂਰੀ ਸੈਣੀ ਬਰਾਦਰੀ ਦਾ ਨਾਂ ਉੱਚਾ ਕੀਤਾ ਹੈ। ਸੈਣੀ ਭਵਨ ਦੇ ਪ੍ਰਬੰਧਕਾਂ ਨੇ ਆਪਣੀ ਇਸ ਧੀ ਨੂੰ ਇਸ ਸੰਸਥਾ ਵਿੱਚ ਬੁਲਾ ਕੇ ਉਸ ਦਾ ਮਾਣ ਸਤਿਕਾਰ ਕੀਤਾ ਹੈ।

**ਐਲ.ਆਰ.ਮੁੰਦਰਾ ਯਾਦਗਾਰੀ ਵਜ਼ੀਫ਼ਾ-ਪ੍ਰਦਾਨ ਸਮਾਰੋਹ-**

ਸੈਣੀ ਚੈਰੀਟੇਬਲ ਐਜੂਕੇਸ਼ਨ ਟਰਸਟ (ਰਜਿ.) ਵਲੋਂ ਐਲ.ਆਰ ਮੁੰਦਰਾ ਯਾਦਗਰੀ ਵਜ਼ੀਫ਼ੇ ਦਾ ਵੰਡ ਸਮਾਰੋਹ 23 ਦਸੰਬਰ 2017 ਨੂੰ ਸੈਣੀ ਭਵਨ ਰੂਪਨਗਰ ਵਿਖੇ ਆਯੋਜਿਤ ਕੀਤਾ ਗਿਆ। ਇਹ ਵਜ਼ੀਫ਼ਾ ਇਸ ਸਵੈਸੇਵੀ ਸੰਸਥਾ ਦੇ ਸਾਬਕਾ ਚੇਅਰਮੈਨ ਸਵ. ਲੇਖ ਰਾਜ ਮੂੰਦਰਾ ਜੀ ਵਲੋਂ ਸਾਲ 2016 ਤੋਂ ਚਾਲੂ ਕੀਤਾ ਗਿਆ ਸੀ। ਇਸ ਮੰਤਵ ਲਈ ਮੁੰਦਰਾ ਜੀ ਨੇ ਟਰਸਟ ਨੂੰ 70 ਲੱਖ ਰੁਪਏ ਦਾਨ ਦਿੱਤੇ ਸਨ ਜਿਸ ਦੇ ਵਿਆਜ ਨਾਲ ਇਹ ਵਜ਼ੀਫ਼ਾ ਦਿੱਤਾ ਜਾਂਦਾ ਹੈ। ਸਾਲ 2017-18 ਲਈ 3 ਲੱਖ ਰੁਪਏ ਦਾ ਵਜ਼ੀਫ਼ਾ ਸੁਖਪਾਲ ਸਿੰਘ ਪੁੱਤਰ ਸ. ਇੰਦਰਜੀਤ ਸਿੰਘ ਵਾਸੀ ਪਿੰਡ ਖਾਨਪੁਰ ਜ਼ਿਲ੍ਹਾ ਰੂਪਨਗਰ ਨੂੰ ਦਿੱਤਾ ਗਿਆ ਹੈ। ਇਹ ਵਿਦਿਆਰਥੀ ਆਈ.ਆਈ.ਐਮ. ਅਹਿਮਦਾਬਾਦ ਤੋਂ ਐਮ.ਬੀ.ਏ. ਕਰ ਰਿਹਾ ਹੈ।

ਇਸ ਸਮਾਗਮ ਦੇ ਮੁੱਖ ਮਹਿਮਾਨ ਰਾਣਾ ਕੇ.ਪੀ.ਸਿੰਘ ਮਾਨਯੋਗ ਸਪੀਕਰ ਪੰਜਾਬ ਵਿਧਾਨ ਸਭਾ ਸਨ ਅਤੇ ਇਸ ਦੀ ਪ੍ਰਧਾਨਗੀ ਡਾ. ਆਰ.ਐਸ.ਪਰਮਾਰ ਨੇ ਕੀਤੀ। ਮੁਖ ਮਹਿਮਾਨ ਨੇ ਆਪਣੇ ਵਿਦਵਤਾਭਰਪੂਰ ਭਾਸ਼ਣ ਵਿੱਚ ਇਸ ਪਵਿੱਤਰ ਤੇ ਮਹੱਤਵਪੂਰਨ ਕਾਰਜ ਲਈ ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕਾਂ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਨੇ ਸਾਰੇ ਸਮਾਜਸੇਵੀ ਤੇ ਚੇਤੰਨ ਵਿਅਕਤੀਆਂ ਨੂੰ ਇਸ ਵਿੱਚ ਯੋਗਦਾਨ ਪਾਉਣ ਦੀ ਅਪੀਲ ਕੀਤੀ। ਇਸ ਦੇ ਨਾਲ ਹੀ ਉਨ੍ਹਾਂ ਨੇ ਵਜ਼ੀਫ਼ਾ ਲੈਣ ਵਾਲੇ ਵਿਦਿਆਰਥੀਆਂ ਨੂੰ ਵੀ ਸੰਦੇਸ਼ ਦਿੱਤਾ ਕਿ ਉਹ ਉਨ੍ਹਾਂ ਦੀ ਮਦਦ ਕਰਨ ਵਾਲੀ ਸੰਸਥਾ ਅਤੇ ਸਮਾਜ ਦੇ ਅਹਿਸਾਨ ਨੂੰ ਯਾਦ ਰੱਖਣ ਅਤੇ ਸਮਾਂ ਆਉਣ 'ਤੇ ਆਪਣੇ ਵਰਗੇ ਲੋੜਵੰਦ ਵਿਦਿਆਰਥੀਆਂ ਦੀ ਵਿਤੀ ਸਹਾਇਤਾ ਕਰਨ। ਮੁੱਖ ਮਹਿਮਾਨ ਜੀ ਨੇ ਪ੍ਰਬੰਧਕਾਂ ਨੂੰ ਸੈਣੀ ਭਵਨ ਵਿਖੇ ਆਲ ਇੰਡੀਆ ਮੁਕਾਬਲਾ ਪ੍ਰੀਖਿਆਵਾਂ ਵਿੱਚ ਬੈਠਣ ਵਾਲੇ ਉਮੀਦਵਾਰਾਂ ਲਈ ਕੋਚਿੰਗ ਕਲਾਸਾਂ ਆਰੰਭ ਕਰਨ ਦੀ ਸਲਾਹ ਦਿੱਤੀ ਜਿਸ ਲਈ ਸਰਕਾਰ ਵਲੋਂ ਪੂਰੀ ਮਦਦ ਦਾ ਵਾਇਦਾ ਕੀਤਾ। ਉਨ੍ਹਾਂ ਨੇ ਰੂਪਨਗਰ ਸ਼ਹਿਰ ਵਿੱਚ ਕਿਸੇ ਸਥਾਨ 'ਤੇ ਮੁੰਦਰਾ ਜੀ ਦੀ ਯਾਦ ਵਿੱਚ ਗੇਟ ਦੀ ਉਸਾਰੀ ਕਰਨ ਅਤੇ ਸੈਣੀ ਭਵਨ ਦੇ ਵਿਕਾਸ ਕਾਰਜਾਂ ਲਈ 2-2 ਲੱਖ ਰੁਪਏ ਦੇਣ ਦੀ ਘੋਸ਼ਣਾ ਕੀਤੀ ਅਤੇ ਵਾਅਦਾ ਕੀਤਾ ਕਿ ਲੋੜ ਪੈਣ 'ਤੇ ਹੋਰ ਰਾਸ਼ੀ ਵੀ ਦਿੱਤੀ ਜਾਵੇਗੀ। ਡਾ. ਆਰ.ਐਸ.ਪਰਮਾਰ ਨੇ ਸਵਰਗੀ ਐਲ.ਆਰ.ਮੁੰਦਰਾ ਜੀ ਦੀ

ਸਮਾਜ ਲਈ ਬਹੁਮੁੱਲੀ ਦੇਣ ਦਾ ਜ਼ਿਕਰ ਕਰਦਿਆਂ ਉਨ੍ਹਾਂ ਨੂੰ ਭਰਪੂਰ ਸ਼ਰਧਾਂਜਲੀ ਦਿੱਤੀ। ਇਸ ਸਮੇਂ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਸਕੱਤਰ ਸੁਖਵਿੰਦਰ ਸਿੰਘ ਵਿਸਕੀ ਨੇ ਸੈਣੀ ਭਵਨ ਦੇ ਮੋਢੀ ਬਜ਼ੁਰਗਾਂ ਨੂੰ ਯਾਦ ਕਰਦਿਆਂ ਕਿਹਾ ਕਿ ਇਸ ਸਮੇਂ ਸੈਣੀ ਭਵਨ ਦਾ ਪ੍ਰਬੰਧ ਬਹੁਤ ਹੀ ਇਮਾਨਦਾਰ ਅਤੇ ਨੇਕ ਵਿਅਕਤੀਆਂ ਦੇ ਹੱਥ ਵਿੱਚ ਹੈ। ਸੈਣੀ ਭਵਨ ਦੇ ਪ੍ਰਧਾਨ ਡਾ.ਅਜਮੇਰ ਸਿੰਘ ਨੇ ਸੈਣੀ ਭਵਨ ਦੇ ਕੰਮਾਂ ਦਾ ਜ਼ਿਕਰ ਕਰਦਿਆਂ ਮੁੱਖ ਮਹਿਮਾਨ ਅਤੇ ਹੋਰ ਪਹੁੰਚੇ ਪਤਵੰਤੇ ਸੱਜਣਾਂ ਨੂੰ ਜੀ ਆਇਆਂ ਆਖਿਆ। ਜਨਰਲ ਸਕੱਤਰ ਸ.ਬਲਬੀਰ ਸਿੰਘ ਸੈਣੀ ਨੇ ਐਲ.ਆਰ.ਮੁੰਦਰਾ ਯਾਦਗਾਰੀ ਵਜ਼ੀਫ਼ੇ ਅਤੇ ਹੋਰ ਵਜ਼ੀਫ਼ਿਆਂ ਦੀ ਵਿਸਥਾਰਸਹਿਤ ਜਾਣਕਾਰੀ ਦਿੱਤੀ। ਇਸ ਸਮਾਗਮ ਨੂੰ ਐਡਵੋਕੇਟ ਰਵਿੰਦਰ ਸਿੰਘ ਮੁੰਦਰਾ ਨੇ ਵੀ ਸੰਬੋਧਿਤ ਕੀਤਾ। ਇਸ ਸਮੇਂ ਪਹਿਲਾ ਐਲ.ਆਰ ਮੁੰਦਰਾ ਸਕਾਲਰਸ਼ਿਪ ਲੈਣ ਵਾਲੇ ਡਾ.ਪਰਮਿੰਦਰ ਸਿੰਘ ਐਮ.ਡੀ.ਨੇ ਸੈਣੀ ਭਵਨ ਰੂਪਨਗਰ ਵਲੋਂ ਵਿਤੀ ਸੰਕਟ ਸਮੇਂ ਉਸ ਦੀ ਕੀਤੀ ਮਦਦ ਲਈ ਧੰਨਵਾਦ ਕੀਤਾ। ਸੈਣੀ ਭਵਨ ਦੇ ਟਰਸਟੀ ਸ. ਰਾਮ ਸਿੰਘ ਨੇ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ। ਮੰਚ ਦਾ ਸੰਚਾਲਨ ਸ. ਗੁਰਮੁਖ ਸਿੰਘ ਲੌਂਗੀਆ ਨੇ ਬਾਖੂਬੀ ਕੀਤਾ। ਇਸ ਸਮੇਂ ਸੈਣੀ ਭਵਨ ਵਿੱਚ ਸਿਖਲਾਈ ਪ੍ਰਾਪਤ ਕਰ ਰਹੀਆਂ ਸਿਖਿਆਰਥਣਾ ਨੇ ਦਿਲਕਸ਼ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ। ਇਸ ਸਮਾਗਮ ਵਿੱਚ ਸ. ਕਰਨੈਲ ਸਿੰਘ ਤੰਬੜ ਐਮ.ਸੀ., ਸ. ਗੁਰਮੁਖ ਸਿੰਘ, ਪ੍ਰਬੰਧਕ ਅਤੇ ਸ਼ਹਿਰ ਦੇ ਹੋਰ ਪਤਵੰਤੇ ਸੱਜਣ ਸ਼ਾਮਲ ਸਨ ।

## ਸੈਣੀ ਸਮਾਚਾਰ

ਆਲ ਇੰਡੀਆ ਸੈਣੀ ਸੇਵਾ ਸਮਾਜ (ਰਜਿ.) ਜ਼ਿਲ੍ਹਾ ਰੂਪਨਗਰ ਇਕਾਈ ਵਲੋਂ ਅਮਰ ਸ਼ਹੀਦ ਬੀਬੀ ਸ਼ਰਨ ਕੌਰ ਯਾਦਗਾਰੀ ਚੌਥਾ ਟੂਰਨਾਮੈਂਟ 27-29 ਅਕਤੂਬਰ 2017 ਨੂੰ ਰੂਪਨਗਰ ਜ਼ਿਲ੍ਹੇ ਦੇ ਪਿੰਡ ਬਜਰੂਰ ਵਿਖੇ ਕਰਾਇਆ ਗਿਆ। ਇਸ ਵਿੱਚ ਇਲਾਕੇ ਦੀਆਂ 16 ਟੀਮਾਂ ਨੇ ਭਾਗ ਲਿਆ। ਇਸ ਦਾ ਉਦਘਾਟਨ ਸੰਤ ਬਾਬਾ ਅਵਤਾਰ ਸਿੰਘ ਜੀ ਟਿੱਬੀ ਸਾਹਿਬ ਹੈਡ ਵਰਕਸ ਰੂਪਨਗਰ ਨੇ ਆਪਣੇ ਕਰ ਕਮਲਾਂ ਨਾਲ ਕੀਤਾ। ਫਾਈਨਲ ਮੈਚ ਵਿੱਚ ਕੁੱਕੜਾਂ (ਹੁਸ਼ਿਆਰਪੁਰ) ਦੀ ਟੀਮ ਨੇ ਬਜਰੂਰ ਨੂੰ ਹਰਾ ਕੇ ਪਹਿਲੀ ਪੋਜ਼ੀਸ਼ਨ ਹਾਸਲ ਕੀਤੀ। ਜੇਤੂਆਂ ਨੂੰ ਇਨਾਮ ਵੰਡਣ ਦੀ ਰਸਮ ਚੌਧਰੀ ਇੰਦਰਾਜ ਸਿੰਘ ਸੈਣੀ (ਦਿੱਲੀ), ਸ. ਗੁਰਦਿਆਲ ਸਿੰਘ ਸਾਬਕਾ ਐਮ.ਪੀ.ਕੁਰੂਕਸ਼ੇਤਰ ਅਤੇ ਬੀਬੀ ਪ੍ਰੀਤਮ ਕੌਰ ਭਿਉਰਾ ਨੇ ਸਾਂਝੇ ਤੌਰ 'ਤੇ ਨਿਭਾਈ। ਇਸ ਵਿੱਚ ਸ. ਹਰਜੀਤ ਸਿੰਘ ਲੌਂਗੀਆ ਪ੍ਰਧਾਨ ਪੰਜਾਬ ਇਕਾਈ, ਜ਼ਿਲ੍ਹਾ ਪ੍ਰਧਾਨ ਸ. ਜਸਵੰਤ ਸਿੰਘ, ਸ. ਹਰਭਜਨ ਸਿੰਘ ਸੈਣੀ ਅਤੇ ਸ. ਤਰਲੋਚਨ ਸਿੰਘ ਸੈਣੀ ਨੇ ਵਿਸ਼ੇਸ਼ ਯੋਗਦਾਨ ਪਾਇਆ।

## ਅਪ੍ਰਸੰਨ ਭਾਰਤੀ

ਭਾਰਤ ਦੀ ਵਿਰਾਸਤੀ ਧਾਰਮਿਕ ਵਿਚਾਰਧਾਰਾ ਦਾ ਮੁੱਖ ਉਦੇਸ਼ ਮਨੁੱਖ ਦੀ ਪ੍ਰਸੰਨਤਾ ਨੂੰ ਵਧਾਉਣਾ ਹੈ ਪਰੰਤੂ ਅੰਤਰਰਾਸ਼ਟਰੀ ਅੰਕੜੇ ਬੋਲਦੇ ਹਨ ਕਿ ਇੱਥੋਂ ਦੇ ਲੋਕ ਹਰ ਸਾਲ ਅਪ੍ਰਸੰਨ ਹੁੰਦੇ ਜਾ ਰਹੇ ਹਨ। ਯੂ.ਐਨ.ਓ. ਨੇ ਪ੍ਰਸੰਨਤਾ ਦੇ ਮਾਪਦੰਡ- ਨਾਗਰਿਕਾਂ ਦੀ ਆਜ਼ਾਦੀ, ਬਜ਼ੁਰਗਾਂ ਦੀ ਸਾਂਭ ਸੰਭਾਲ, ਉਦਾਰਤਾ, ਇਮਾਨਦਾਰੀ, ਸਿਹਤ, ਆਮਦਨ ਅਤੇ ਰਾਜ ਪ੍ਰਬੰਧ ਦੀ ਕੁਸ਼ਲਤਾ ਰੱਖੇ ਹਨ। ਇਸ ਆਧਾਰ 'ਤੇ ਇਸ ਅੰਤਰਰਾਸ਼ਟਰੀ ਸੰਸਥਾ ਵਲੋਂ ਸਾਲ 2017 ਲਈ ਤਿਆਰ ਕੀਤੀ ਪ੍ਰਸੰਨਤਾ ਦੀ ਰਿਪੋਰਟ ਅਨੁਸਾਰ ਭਾਰਤ ਵਿਸ਼ਵ ਦੇ 155 ਦੇਸ਼ਾਂ ਵਿੱਚੋਂ 122ਵੇਂ ਸਥਾਨ 'ਤੇ ਹੈ। ਇਸ ਦਾ ਭਾਵ ਹੈ ਕਿ ਦੁਨੀਆਂ ਦੇ 121 ਦੇਸ਼ਾਂ ਦੇ ਲੋਕ ਭਾਰਤੀਆਂ ਨਾਲੋਂ ਵੱਧ ਪ੍ਰਸੰਨ ਰਹਿੰਦੇ ਹਨ।ਹੈਰਾਨੀ ਦੀ ਗੱਲ ਇਹ ਹੈ ਕਿ ਪਾਕਿਸਤਾਨ, ਭੂਟਾਨ, ਬੰਗਲਾ ਦੇਸ਼ ਅਤੇ ਸ੍ਰੀ ਲੰਕਾ ਜਿਹੇ ਦੇਸ਼ ਜਿਨ੍ਹਾਂ ਨੂੰ ਅਸੀਂ ਪਛੜੇ ਮੰਨਦੇ ਹਾਂ ਉਹ ਵੀ ਪ੍ਰਸੰਨਤਾ ਦੀ ਸੂਚੀ ਵਿੱਚ ਭਾਰਤ ਨਾਲੋਂ ਅੱਗੇ ਹਨ। ਦੁੱਖ ਦੀ ਗੱਲ ਹੈ ਕਿ ਭਾਰਤ ਇਸ ਪੱਖੋਂ ਸੁਧਾਰ ਕਰਨ ਦੀ ਬਿਜਾਏ ਪਿਛਲੇ ਸਾਲ ਨਾਲੋਂ 4 ਅੰਕ ਪਛੜਿਆ ਹੈ।

ਗਲੋਬਲ ਹੰਗਰ ਇਨਡੈਕਸ (ਭੁੱਖਮਰੀ) ਅਨੁਸਾਰ 119 ਦੇਸ਼ਾਂ ਵਿੱਚੋਂ ਭਾਰਤ ਦਾ 100ਵਾਂ ਸਥਾਨ ਹੈ। ਇਸ ਦਾ ਅਰਥ ਹੈ ਕਿ ਭਾਰਤ ਵਿੱਚ ਭੁੱਖੇ-ਪੇਟ ਸੌਣ ਵਾਲਿਆਂ ਦੀ ਗਿਣਤੀ 99 ਦੇਸ਼ਾਂ ਨਾਲੋਂ ਵੱਧ ਹੈ। ਇਸ ਸੂਚੀ ਵਿੱਚ ਵੀ ਭਾਰਤ ਪਿਛਲੇ ਸਾਲ ਨਾਲੋਂ 3 ਅੰਕ ਪਿੱਛੇ ਚਲਾ ਗਿਆ ਹੈ ਭਾਵ ਕਿ ਭੁੱਖਮਰੀ ਵਿੱਚ ਵਾਧਾ ਹੋਇਆ ਹੈ।

ਕਿਵੇਂ ਮੰਨੀਏ ਭਾਰਤ ਦੇ 'ਅੱਛੇ ਦਿਨ' ਆ ਰਹੇ ਹਨ?

## ਨਿੱਘਾ ਸਵਾਗਤ



ਰੂਪਨਗਰ ਸ਼ਹਿਰ ਦੇ ਪਿੰਡ ਹਵੇਲੀ ਕਲਾਂ ਦੇ ਮੂਲ ਵਾਸੀ ਸ. ਬਲਦੇਵ ਸਿੰਘ ਮੁੰਦਰਾ ਨੂੰ ਸੈਣੀ ਚੈਰੀਟੇਬਲ ਐਜੂਕੇਸ਼ਨ ਟਰਸਟ ਦਾ ਨਵਾਂ ਟਰਸਟੀ ਨਾਮਜਦ ਕੀਤਾ ਗਿਆ ਹੈ। ਉਹ ਭਾਰਤ ਸਰਕਾਰ ਦੇ ਓ.ਐਨ.ਜੀ.ਸੀ. ਅਦਾਰੇ ਚੋਂ ਸੀ. ਐਮ.ਡੀ. ਦੇ ਉੱਚਤਮ ਅਹੁਦੇ ਤੋਂ ਰਿਟਾਇਰ ਹੋ ਕੇ ਹੁਣ ਮੁੰਬਈ ਵਿਖੇ ਰਹਿਣ ਲੱਗੇ ਹਨ ਅਤੇ ਇੱਥੋਂ ਦੇ ਪ੍ਰਸਿੱਧ ਐਡਵੋਕੇਟ ਹਨ। ਸ. ਬਲਦੇਵ ਸਿੰਘ ਨੇ ਇਸ ਟਰਸਟ ਦੇ ਖਾਤੇ ਵਿੱਚ ਹੁਣ ਤੱਕ 14 ਲੱਖ, 67 ਹਜ਼ਾਰ, 111 ਰੁਪਏ ਦੀ ਰਾਸ਼ੀ ਜਮ੍ਹਾਂ ਕਰਵਾਈ ਹੈ ਜਿਸ ਦੇ ਸਾਲਾਨਾ ਵਿਆਜ ਨਾਲ ਲੋੜਵੰਦ ਤੇ ਹੁਸ਼ਿਆਰ ਵਿਦਿਆਰਥੀਆਂ ਨੂੰ ਹਰ ਸਾਲ ਵਜ਼ੀਫ਼ੇ ਦਿੱਤੇ ਜਾਂਦੇ ਹਨ।ਸੈਣੀ ਭਵਨ ਦੇ ਪ੍ਰਬੰਧਕ ਇਸ ਦਾਨੀ ਪੁਰਸ਼ ਨੂੰ ਟਰਸਟੀ ਬਣਾ ਕੇ ਮਾਣ ਮਹਿਸੂਸ ਕਰਦੇ ਹਨ। ਉਨ੍ਹਾਂ ਦਾ ਹਾਰਦਿਕ ਸੁਆਗਤ ਹੈ।

## ਇਨਾਮ ਜੇਤੂ ਭਾਸ਼ਣ

ਵਿਦਿਆਰਥੀਆਂ ਵਿੱਚ ਸਵੈ-ਪ੍ਰਗਟਾਉ ਅਤੇ ਸਵੈ-ਵਿਸ਼ਵਾਸ ਦੀ ਭਾਵਨਾ ਨੂੰ ਉਜਾਗਰ ਕਰਨ ਅਤੇ ਵਿਅਕਤ ਕਰਨ ਦੇ ਮੰਤਵ ਨਾਲ ਸੈਣੀ ਚੈਰੀਟੇਬਲ ਐਜੂਕੇਸ਼ਨ ਟਰਸਟ ਰੂਪਨਗਰ ਵਲੋਂ ਸੈਣੀ ਭਵਨ ਵਿਖੇ ਸਾਲਾਨਾ ਭਾਸ਼ਣ ਪ੍ਰਤਿਯੋਗਤਾਵਾਂ ਦਾ ਆਯੋਜਨ ਕੀਤਾ ਜਾਂਦਾ ਹੈ। ਸਾਲ 2017 ਵਿੱਚ ਇਹ 3 ਅਕਤੂਬਰ ਨੂੰ ਕਰਵਾਏ ਗਏ। ਸੀਨੀਅਰ ਵਰਗ (ਬਾਰ੍ਹਵੀਂ ਅਤੇ ਇਸ ਤੋਂ ਉਪਰ ਦੇ ਵਿਦਿਆਰਥੀ) ਲਈ ਅੰਗਰੇਜ਼ੀ ਵਿੱਚ ਵਿਸ਼ਾ ਸੀ, ' Impact of G.S.T. on Indian Economy ' ਅਤੇ ਜੂਨੀਅਰ ਵਰਗ (ਬਾਰ੍ਹਵੀਂ ਤੱਕ ਦੇ ਵਿਦਿਆਰਥੀ) ਲਈ ਪੰਜਾਬੀ ਵਿੱਚ ਵਿਸ਼ਾ ਸੀ, 'ਪੰਜਾਬ ਵਿੱਚ ਕਿਸਾਨ ਖੁਦਕਸ਼ੀਆਂ ਦੀ ਸਮੱਸਿਆ-ਕਾਰਨ ਅਤੇ ਹੱਲ'। ਇਨ੍ਹਾਂ ਦੋਵੇਂ ਵਰਗਾਂ ਵਿੱਚ ਪਹਿਲੇ ਸਥਾਨ 'ਤੇ ਆਏ ਵਿਦਿਆਰਥੀਆਂ ਦੇ ਭਾਸ਼ਣਾਂ ਦੇ ਚੋਣਵੇਂ ਅੰਗ ਇੱਥੇ ਦਿੱਤੇ ਜਾ ਰਹੇ ਹਨ ਤਾਂ ਜੋ ਹੋਰ ਵਿਦਿਆਰਥੀ ਵੀ ਅਗਲੇ ਸਾਲਾਂ ਵਿੱਚ ਇਸ ਪ੍ਰਤਿਯੋਗਤਾ ਵਿੱਚ ਭਾਗ ਲੈਣ ਲਈ ਪ੍ਰੇਰਤ ਹੋ ਸਕਣ।

### ਪੰਜਾਬ ਵਿੱਚ ਕਿਸਾਨ ਖੁਦਕਸ਼ੀਆਂ ਦੀ ਸਮੱਸਿਆ- ਕਾਰਨ ਅਤੇ ਹਲ



ਵਕਤਾ- ਹਰਸ਼ ਤਿਵਾੜੀ,
ਸੇਂਟ ਕਾਰਮਲ ਸਕੂਲ ਕਟਲੀ (ਰੂਪਨਗਰ)

ਪੰਜਾਬ ਦੇ ਕਿਸਾਨ ਮਿਹਨਤ ਤੋਂ ਨਹੀਂ ਭੱਜਦੇ। ਬੱਸ ਪੈਸੇ ਦੀ ਘਾਟ ਤੇ ਨਾਸਮਝੀ ਉਸ ਨੂੰ ਕਰਜ਼ਈ ਬਣਾ ਦਿੰਦੀ ਹੈ। ਜਦੋਂ ਦਾ ਖੇਤੀ ਬਾੜੀ ਦਾ ਨਵੀਨੀਕਰਣ ਹੋਇਆ ਹੈ ਬਿਜਾਈ ਤੋਂ ਲੈ ਕੇ ਮੰਡੀ ਤੱਕ ਲਿਜਾਣ ਦਾ ਸਾਰਾ ਕੰਮ ਬਹੁਤ ਖਰਚੀਲਾ ਹੋ ਗਿਆ ਹੈ। ਇਨ੍ਹਾਂ ਖਰਚਿਆਂ ਨੂੰ ਪੂਰਾ ਕਰਨ ਲਈ ਕਿਸਾਨ ਕਰਜ਼ੇ ਦੀਆਂ ਭਾਰੀਆਂ ਪੰਡਾਂ ਦੇ ਬੋਝ ਹੇਠ ਦਬ ਜਾਂਦਾ ਹੈ ਤੇ ਕਰਜ਼ਾ ਵਾਪਸ ਨਾ ਕਰਨ ਦੀ ਹਾਲਤ ਵਿੱਚ ਖੁਦਕੁਸ਼ੀ ਕਰ ਬੈਠਦਾ ਹੈ।......ਕਈ ਵਾਰ ਕੁਦਰਤੀ ਆਫਤਾਂ- ਹੜ੍ਹ, ਸੋਕਾ, ਟਿੱਡੀ ਦਲ ਦਾ ਹਮਲਾ, ਬੇਮੌਸਮੀ ਵਰਖਾ ਤੇ ਨਕਲੀ ਦਵਾਈਆਂ ਉਸ ਦੀ ਕੀਤੀ ਕਰਾਈ ਤੇ ਪਾਣੀ ਫੇਰ ਦਿੰਦੇ ਹਨ। ਹੱਦੋਂ ਵੱਧ ਖਰਚੇ, ਘਰੇਲੂ ਝਗੜੇ, ਤੇ ਮੁਕੱਦਮੇਬਾਜ਼ੀ ਉਸ ਨੂੰ ਬਹੁਤ ਪਰੇਸ਼ਾਨ ਕਰਦੇ ਹਨ। ਅਜੋਕੀ ਨੌਜਵਾਨ ਪੀੜ੍ਹੀ ਦੀ ਐਸ਼ਪ੍ਰਸਤੀ, ਨਸ਼ਾਖੋਰੀ ਤੇ ਵਿਦੇਸ਼ ਜਾਣ ਦੀ ਜ਼ਿੱਦ ਤਾਂ ਉਸ ਦੀ ਜ਼ਮੀਨ ਵੀ ਵਿਕਵਾ ਦਿੰਦੀ ਹੈ। ਫਸਲ ਦੀ ਪੈਦਾਵਾਰ ਜਿੰਨੀ ਦੇਰ ਕਿਸਾਨ ਦੇ ਹੱਥਾਂ ਵਿੱਚ ਹੈ ਉਸ ਦਾ ਬਹੁਤ ਘੱਟ ਮੁੱਲ ਹੁੰਦਾ ਹੈ ਪਰ ਜਦੋਂ ਉਹ ਵਪਾਰੀਆਂ ਦੇ ਹੱਥਾਂ ਵਿੱਚ ਚਲੇ ਜਾਂਦੀ ਹੈ ਤਾਂ ਉਸ ਦਾ ਮੁੱਲ ਕਈ ਗੁਣਾਂ ਵਧ ਜਾਂਦਾ ਹੈ।......ਕਿਸਾਨ ਖੁਦਕੁਸ਼ੀਆਂ ਵਿੱਚ ਦਿਨ-ਬ-ਦਿਨ ਵਾਧਾ ਪੰਜਾਬ ਦੇ ਮੱਥੇ 'ਤੇ ਕਲੰਕ ਬਣ ਕੇ ਉੱਭਰ ਰਿਹਾ ਹੈ।ਇਸ ਨੂੰ ਮਿਟਾਉਣ ਲਈ ਸਾਨੂੰ ਸਭ ਨੂੰ ਇੱਕਮੁੱਠ ਹੋ ਕੇ ਯਤਨਸ਼ੀਲ ਹੋਣਾ ਪਵੇਗਾ। ਘਰ, ਪਰਿਵਾਰ, ਸਮਾਜਿਕ ਜਥੇਬੰਦੀਆਂ , ਧਾਰਮਿਕ ਜਥੇਬੰਦੀਆਂ, ਸਰਕਾਰਾਂ ਤੇ ਕਿਸਾਨਾਂ ਨੂੰ ਪਿਆਰਨ ਵਾਲੇ ਹਰੇਕ ਵਿਅਕਤੀ ਨੂੰ ਇੱਕਮੁਠ ਹੋ ਕੇ ਕਿਸਾਨਾਂ ਦੀ ਮਦਦ ਕਰਨੀ ਚਾਹੀਦੀ ਹੈ। ਤਕਨੀਕੀ ਸਿੱਖਿਆ ਮੁਫਤ ਕਰ ਦੇਣੀ ਚਾਹੀਦੀ ਹੈ ਤਾਂ ਜੋ ਕਿਸਾਨਾਂ 'ਤੇ ਬੱਚਿਆਂ ਦੀ ਪੜ੍ਹਾਈ ਦਾ ਬੋਝ ਨਾ ਪਵੇ। ਬੈਂਕਾਂ ਤੋਂ ਕਰਜ਼ਾ ਲੈਣ ਸਬੰਧੀ ਸਮੇਂ ਸਮੇਨ 'ਤੇ ਟੈਲੀਫਿਲਮਾਂ ਦਿਖਾਈਆਂ ਜਾਣ ਤਾਂ ਜੋ ਕਿਸਾਨ ਹਰ ਗੱਲ ਨੂੰ ਚੰਗੀ ਤਰ੍ਹਾਂ ਸਮਝ ਸਕਣ। ਸਰਕਾਰ ਵਲੋਂ ਕਿਸਾਨਾਂ ਦੇ ਵੱਧ ਤੋਂ ਵੱਧ ਕਰਜ਼ੇ ਮੁਆਫ ਕੀਤੇ ਜਾਣ, ਫਸਲ ਖਰਾਬ ਹੋਣ ਦੀ ਹਾਲਤ ਵਿੱਚ ਮੁਆਵਜ਼ਾ ਯਕੀਨੀ ਤੌਰ 'ਤੇ ਦਿੱਤਾ ਜਾਵੇ। ਖੇਤੀਬਾੜੀ ਯੂਨੀਵਰਸਿਟੀ ਵਲੋਂ ਸਮੇਂ ਸਮੇਂ ਚੰਗੀਆਂ ਖੇਤੀ ਸਕੀਮਾਂ ਬਣਾ ਕੇ ਕਿਸਾਨ ਮੇਲਿਆਂ ਵਿੱਚ ਦੱਸੀਆਂ ਜਾਣ।......

### Impact of G.S.T. on Indian Economy



Speaker-
**Shalini**
St. Carmel School Katli (Rupnagar)

India is marching towards progress with lightning speed. After demonetization G.S.T.( Goods and Services Tax) bill is one of the budget tax reforms in India since independence. It is a revolutionary step take by the Indian Government, founded on the notion of " One Nation, One Market, One Tax'. .......G.S.T. with single stroke has converted India into a Unified Market of 1.3 billion citizens . After its introduction things will become easier for the middle class people...... Manufacturers and traders would benefit from fewer tax fillings, transparent rules and easy book-keeping. Consumers would be paying less for goods and services. Govt. would generate more revenue as tax leaks will be plugged. .... The impact of G.S.T on macroeconomic indicators is likely to be very positive. Inflation will be reduced as the cascading effect of taxes would be eliminated. The revenue from the taxes for the Govt. is likely to increase with an extended tax net and the fiscal defecit is expected to remain under check. Moreover the exports would grow while FDI would also increase.......



# LIST OF SCHOLARSHIPS FOR THE YEAR 2017-18

Amarjit Singh
Rupnagar

**AWARDED BY SAINI CHARITABLE EDUCATION TRUST (Regd.)
RUPNAGAR**

| Sr. No. | Particulars Of Awardee | Class | School/College | Name of Scholarship | Amount (Rs.) |
|---|---|---|---|---|---|
| 1 | Sh. Rahul Saini s/o Sh. Ram Kumar | M.Tech. 3rd Sem. | I.I.T. Roorkee | Mata Sham Kaur Memorial Scholarship | 12000/- |
| 2 | Miss Manjinder Kaur d/o S. Satnam Singh | M. Sc. (Hons.) Physics 2nd Year | Panjab University Chandigarh | Mata Durgi Devi/S. Mota Singh Mem. Scholarship, | 9600/- |
| 3 | Miss Sandeep Kaur d/o S. Swaran Singh | M. Sc. (I) Math. | A.S.B.A.S.J.S. Mem.College Bela | S. Harbans Singh– S. Jagir Singh Scholar. | 8400/- |
| 4 | Miss Dapinder Kaur d/o S. Avtar Singh | M. Sc. Bio Tech. 5th Sem. | A.S.B.A.S.J.S. Mem. College Bela | Smt. Kanta/Hardev +Ch. Ved Parkash/ Baldev Raj Sch., | 7200/- |
| 5 | Miss Priya Saini d/o Sh. Ram Kumar | M. Sc. First Sem. | SG GS World Uni. Fatehgarh Sahib | Lambardar Sri Ram Saini Memorial Scholarship, | 4800/- |
| 6 | Miss Ashpreet Kaur d/o S. Gurdev Singh | M. Sc., II year Env. Studies | Panjab University CHANDIGARH | Sh.Tekpal Singh Scholarship | 9600/- |
| 7 | Miss Harpreet Kaur d/o S. Jaswant Singh | M.Sc. Physics First year | Panjabi University PATIALA | Smt. Surjit Parkash– Capt. C.D.Saini Sch. | 9600/- |
| 8 | Miss Jyoti Saini d/o Sh. Kuldip Kumar | M.Sc., 2rd YEAR Indu. Chemistry | Panjab University CHANDIGARH | Kumari Virpal Kaur+ S.Gurbax Nuhon Sch. | Rs.10800/- |
| 9 | Miss Jaspreet Kaur d/o S. Harminder Singh | M.Sc. Chemistry 2nd year | Mata Gujri College Fatehgarh Sahib | Smt.HarbansTrilochan +Smt.Bishan Devi Sch. | Rs.9600/- |
| 10 | Miss Kiranjit Kaur d/o S.Surinder Singh | M.Sc. Bio-Tech. Sem.-I | A.S.B.A.S.J.S. Memorial College Bela | Mata Kartar Kaur/ Dr. Sant Singh+ S. Hazara Singh Longia Mem. Sch., | Rs.7200/- |
| 11* | Miss Navneet Kaur d/o S.Didar Singh | M.Sc. Math. First Year | Mata Gujri College Fatehgarh Sahib | Mata Durgi Devi /S.Mota SinghMem.Scholarship | Rs.8400/- |
| 12 | Miss Sumanpreet Kaur d/o S.Rajinder Singh | M.Sc. 1st year Microbiology | Mata Gujri College Fatehgarh Sahib | Mata Durgi Devi Saini Mem. Scholarship | Rs.8400/- |
| 13 | Miss Manjeet Kaur d/o S.Harwinder Singh | M.Sc. First Year Mathemetics | A.S.B.A.S.J.S. Mem. College Bela | Mata Durgi Devi Saini Memorial Scholarship | Rs.8400/- |
| 14 | Miss Gurvinder Kaur d/o S.Jora Singh | M.Sc. First Year Biotechnology | A.S.B.A.S.J.S. Mem. College Bela | Mata Durgi Devi S.Mota Singh Mem. Scholarship | Rs.8400/- |
| 15 | Miss Ramandeep Kaur d/o S.Jasvir Singh | M.Sc. Physics First Year | Mata Gujri College Fatehgarh Sahib | Mata Durgi Devi /S.Mota Singh Saini Mem. Sch., | Rs.9600/- |
| 16 | Miss Bhawandeep Kaur d/o S.Surjit Singh | M.Sc. First Year Mathematics | Mata Gujri College Fatehgarh Sahib | Siri Ram/ S. Hardev Singh Saini Scholarsh. | Rs.7200/- |
| 17 | Miss Harpreet Kaur d o the late S. Amarjit Singh | M.Sc. Physics First Year | Mata Gujri College Fatehgarh Sahib | Siri Ram/ S. Hardev Singh Saini Scholarsh. | Rs.7200/- |
| 18 | Miss Navdeep Kaur d/o S.Jasvir Singh | M.Sc. First Year Chemistry | Mata Gujri College Fatehgarh Sahib | Siri Ram/ S. Hardev Singh Saini Scholars. | Rs.7200/- |
| 19* | Miss Manjot Kaur d/o the late S. Kirpal Singh | M.Sc. (Hons.) Physics 1st Year | S G GS World Uni. Fatehgarh Sahib | Mata Durgi Devi /S.Mota Singh Mem. Scholarship | Rs.9600/- |
| 20 | Miss Pawanjot Kaur d/o S.Rajinder Singh | MBA First Sem (Management). | C G Colleges Landra (CBSA) | Siri Ram/ S. Hardev Singh Saini Scholarsh. | Rs.7200/- |
| 21 | Sh. Tejinder Singh s/o S.Gurmit Singh | B.Tech.(VSem.) E& C Engg. | G.N.D.U. AMRITSAR | Sh. Charan Singh Saini Scholarship | Rs.6000/- |
| 22 | Sh. KaranSingh Saini s/o late Narinderpal Singh | B. Tech. C.S.E. 3rd Sem. | Chitkara University Rajpura | Sh. P. C. Saini Memorial Scholarship | Rs.4800/- |
| 23* | Sh. Deepak Singh Rawat s/o Sh.Devi Singh | B.Tech. 7th Sem. C.S.E./I.T. | Rayat Group of Insti. RAILMAJRA | Sh. P. C. Saini Memorial Scholarship | Rs.4800/- |
| 24 | Miss Ritika Saini d/o S. Sukhwinder Singh | B.Tech. 7th Sem., Comp. Sci. Engg. | Rayat Insti.of E & I Technology | Smt. Raminder Ujjal Dosanjh Scholarship | Rs.6000/- |
| 25 | Sh. Paramveer Singh s/o S.Sharanjeet Singh | B.Tech. 7th Sem. Mech. Engg. | BBS Engg. College Fatehgarh Sahib | Sh. P. C. Saini Memorial Scholarship Rs.400/- | Rs.4800/- |
| 26 | Miss Charanjeet Kaur d/o S. Gurpreet Singh | B.E., 7th Sem. AEROSPACE | P. E. C. University CHANDIGARH | S. Bakhtawar Singh Memorial Scholarship, | Rs.6000/- |
| 27 | Miss Gurdeep Kaur d/o Sh. Dasondhi Singh | B.Tech. 7th Sem. C.S.E. | Rayat Bahra University | Siri Ram/Hardev Singh Saini Scholarship | Rs.7200/- |
| 28 | Sh. Jatinder Singh s/o S.harmeet Singh | B. Tech. 7th Sem Mech. Engg. | Adesh Insti.of Tech.Gharuan, | Siri Ram/ Hardev Singh Saini Scholarship, | Rs.7200/- |
| 29 | Miss Harjeet Kaur d/o Sh.Jasbir Singh | B. Tech. 3rd Sem. C.S.E. | IET Bhaddal (Ropar) | Sh. Munshi Ram Memorial Scholarship | Rs.4800/- |
| 30 | Miss Jasleen Kaur d/o S.Gurdial Singh | B. D. S. Final Year | R B Dental College Sahauran | Munshi Ram Memorial Scholarship | Rs.4800/- |

| | | | | | |
|---|---|---|---|---|---|
| 31 | Miss Gurpreet Kaur d o Sh.Gurmail Singh | B. D. S. 4th Year | RB Dental College Sahauran | Munshi Ram Memorial. Scholarship | Rs.4800/- |
| 32* | Miss Manisha d/o Sh. Beju Mandal | B.A., 3rd Sem. | H. M. V. College JALANDHAR | Hakim Jethu Ram Memorial Scholarship | Rs.3600/- |
| 33 | Miss Simranjeet Kaur d/o S.Swaran Singh | B.Ed. First Year | Rayat College of Edu. Railmajra | Smt. Kailash Tambar Memorial Scholarship | Rs.3600/- |
| 34 | Sh. Sukhvir Singh s/o S.Bahadur Singh | B. Ed. First Year | Sai College of Education JADLA | Karam Singh Tambar /Ram Rakhi Mem Schol | Rs.9600/- |
| 35* | Miss Aditi d/o Sh. Rocky Soni | B. Ed. First Year | RB College of Edu. RAILMAJRA | Advocate Banta Singh /Parkash Chaudhry Sch. | Rs.3600/- |
| 36 | Miss Prabhjot Kaur Saini d/oS.RupinderSinghSaini | B.Sc. Nursing 3rd Year | S G HS College of Nursing SOHANA | Mata Ajmer Kaur Memorial Scholarship, | Rs.3600/- |
| 37 | Miss Rajinder Kaur d/o the late Sh Amarjit Singh | Post Basic B.Sc. (Nursing) 1st Year | University College of Nursing FARIDKOT | Siri Ram/ Hardev Singh Saini Scholarship, Rs.600/- | Rs.7200/- |
| 38 | Miss Harpreet Kaur d o S. Surjit Singh | B. Sc. (Nursing) 2nd Year | Silver Oaks Colleg of Nursing Abhipur | Smt Renu/ Sandeep Chaudhry Scholarship, | Rs.3600/- |
| 39 | Sh. Jaskaran Singh s/o S.Bhupinder Singh | Diploma Mechanical Engg. | Doaba Poly College GHATAUR | Smt. Yashwant/ Balwant Singh Scholarship, | Rs.3600/- |
| 40* | Mr. Ankit Sharma s/o Sh. Varinder Kumar | M. Com. First Year | Govt. Post Gradu. College, Nalagarh | Subedar Pooran Singh/ Ajit Kailash Saini Sch | Rs.3600/- |
| 41 | Miss Sarbjeet Kaur d/o S.Gurmeet Singh | M.Com. 1stYear (Professional) | Doaba Group of Colleges, Ghataur | Smt. Harjit/ Chaman Lal Scholarship, | Rs.3600/- |
| 42 | Miss Davinder Kaur d/o S.Harjinder Singh | M. Com. First Year | A.S.B.A.S.J.S. Mem.College Bela | Smt. Mohanjit Kaur/ S. Jaswant Singh Sch. | Rs.3600/- |
| 43 | Miss Parvinderveer Kaur d/o S.Darshan Singh | B. Pharmacy Sem. VII | Doaba College of Pharmacy | Ch. Baboo Ram Saini Memorial Scholarship, Rs.300/- | Rs.3600/- |
| 44 | Miss Vishali Saini d/o Sh. Kuldip Kumar | B.Pharmacy Sem. VII | A.S.B.A.S.J.S. Mem. College Bela | Ch. Baboo Ram Saini Memorial Scholarship, | Rs.3600/- |
| 45* | Sh. Gurdev Singh s/o S.Harchand Singh | B.C.A. First Sem. | I. E. T. Bhaddal Technical Campus | Ch. Baboo Ram Saini Memorial Scholarship, | Rs.3600/- |
| 46 | Sh. Ishwinder Singh s/o late S. Davinderjit Singh | B. Pharmacy Second Year | A.S.B.A.S.J.S. Mem. College Bela | Ch. Baboo Ram Saini Memorial Scholarship, | Rs.3600/- |
| 47 | Miss Jaspreet Kaur d/o S. Balwinder Singh | B. C. A. Sem. 5th | Rayat Bahra Uni.Sahauran | Ch. Baboo Ram Saini Memorial Scholarship, | Rs.3600/- |
| 48 | Miss Manpreet Kaur d/o the lateSh. Ranjit Singh | B.Sc. Sem.1st (Non-Med.) | A.S.B.A.S.J.S. Mem. College Bela | Nambardar Pritam Singh Saini Mem. Scholarship,- | Rs.3600/- |
| 49 | Sh. Jaswinder Singh s/o S. Harvinder Singh | B.Sc., 2nd year (MedicLab. Sci.) | A.S.B.A.S.J.S. Mem. College Bela | S. Jasbir Singh Scholarship | Rs.3600/- |
| 50 | Miss Jashanpreet Kaur d/o Paramjit Singh | B.Sc.(Bio-Tech.) Second Year | A.S.B.A.S.J.S. Meml College Bela | S. Santokh Singh Nanua Mem. Sch. | Rs.3000/- |
| 51 | Miss Jasmeen Kaur d/o S. Navtej Singh | B.Sc. Non-Med. Sem.III | Govt. College Ropar | Lt. Col. G.R. Saini Scholarship | Rs.3600/- |
| 52 | Miss Sumneet Kaur d/o late S. Surinder Singh | B.Sc. (Med.) !st Year | D.A.V. College Sec.-10, CHD | Lt. Col. G.R. Saini Scholarship, | Rs.3600/- |
| 53 | Miss Muskan Saini d/o Sh. Rajesh Saini | B.Sc. 1st Year | Goswami G.D.S. D. College , CHD | Lt. Col. G. R. Saini Scholatship, | Rs.3600/- |
| 54 | Sh. Bhupinder Singh s/o S. Gurmukh Singh | B.Sc. Non-Med. 3rd Year | Govt. College Ropar | Mata Durgi Devi / Mota Singh Mem. Scholarship, | Rs.4800/- |
| 55 | Miss Harkirt Kaur d/o S. Gurinderjit Singh | B.Sc. (Med.) Sem. 5th | P G G College (Girls) Sec-11 CHD | Nambardar Pritam Singh Mem. Schilarship, | Rs.3600/- |
| 56 | Miss Ravinder Kaur d/o Sh. Harinder Singh | B.Sc. Non-Med. Sem.5th | M.C.M. D.A.V. College Chandigarh | Lt. Col. G. R. Saini Scholarship, | Rs.3600/- |
| 57 | Miss Amanjot Kaur d/o S. Balwinder Singh | B.Sc. Non-Med. Sem.-I | Govt. College Ropar | Chanan Kaur/Pritam Singh Nambardar Mem. Sch. | Rs.2400/- |
| 58 | Miss Harpreet Kaur d/o S. Gurmeet Singh | B.Sc.Non-Med. 1st Year | Govt. College Ropar | Smt. Kaushalya Devi Memorial Scholarship, | Rs.3600/- |
| 59 | Miss Amanpreet Kaur longia d/o S. Avtar Singh | B.Sc. Non-Med. 1st year | Govt. College Ropar | Mata Prem Kaur Memorial Scholarship, | Rs.3600/- |
| 60 | Miss RamandeepKaur d/o Sh. Mehar Singh | B.Sc. Bio-Tech. Sem.-V | A.S.B.A.S.J.S. College BELA | Ch. Asa Ram/ Kartar Kaur Mem. Scholarship | Rs.3000/- |
| 61* | Miss Nisha Rani d/o S. Rajinder Singh | B.Sc. Non-Med. 2nd year | Govt. College Ropar | Mata Prem Kaur Memorial Scholarship | Rs.3600/- |

| | | | | | |
|---|---|---|---|---|---|
| 62 | Miss Harmanpreet Kaur Saini d o Sh.Randhir Singh | B. Sc.Bio-Tech. 2nd Year | A.S.B.A.S.J.S. Mem. College Bela. | Smt. Kaushalya Devi Memorial Scholarship | Rs.3600/- |
| 63* | Miss DIKSHA d o Sh. Sant Ram | B.Sc.Non-Med. 1st Year | Govt. College Rupnagar | Smt.Kaushajya Devi Memorial Scholarship. | Rs.3600/- |
| 64 | Miss Maninderpreet Kaur d o S. Jaswant Singh | B.Sc. Non-Med. 1st Year | Govt. College Ropar | Mata Basant Kaur Memorial Scholarship | Rs.3600/- |
| 65* | Miss Sonika d/o Sh. Dinesh Kumar | B.Sc (Med.) 3rd year | Govt. College Rupnagar | Smt. Kaushalya Devi Memorial Scholarship | Rs.3600/- |
| 66 | Miss Abhireet Kaur d/o late S. Manjeet Singh | B.Sc. (Hons.) Math.2nd year | Mata Sundri College Women, Delhi Uni. | S. Amrik Singh Scholarship. | Rs.3000/- |
| 67 | Miss Simranjeet Kaur d/o S.Balwinder Singh | B.Sc. Non-Med. 1st Year | A.S.B.A.S.J.S. College BELA | S. Amrik Singh Scholarship | Rs.3000/- |
| 68 | Miss Sharanpreet Kaur d/o S.Harbans Singh | B.Sc. Bio-Tech Sem.-V | A.S.B.A.S.J.S. Mem.College Bela | Ch.Ganda Ram Zaildar Memorial Scholarship. | Rs.3000/- |
| 69 | Sh. Amandeep Singh s/o S. Kulwant Singh | B. Voc. RMIT 1st year | A.S.B.A.S.J.S. Mem.l College Bela | Smt. Shanti Devi Memorial Scholarship. | Rs.3000/- |
| 70 | Miss Gurjeet Kaur d o S. Amarjeet Singh | B. Voc. Food Processing 3rd Y | A.S.B.A.S.J.S. Mem. College Bela | Sh. Mangal Singh Memorial Scholarship. | Rs.3000/- |
| 71* | SATBIR s/o Sh. Shripal | B.Com. Sem.-V | Govt. College Rupnagar | Smt. Shanti Devi Memorial Scholarship. | Rs.3000/- |
| 72 | Sh. Inderpreet Singh s/o late S.Gurwinder Singh | B.Com. Sem.-V | Govt. College Ropar | Siri Ram/ Hardev Singh Saini Scholarship. | Rs.4800/- |
| 73* | Miss Prabhjot Kaur d/o S.Gurmel Singh | B.Com. Sem.-I | Govt. College Rupnagar | Smt Thakri Devi Memorial Scholarship | Rs.3000/- |
| 74 | Miss Charanpreet Kaur d/o S.Jagtar Singh | B.Com. Sem.-I | Govt. College Rupnagar | S. Kartar Singh Nanakpura Mem. Sch. | Rs.3000/- |
| 75* | Miss Deepika Rani d/o Sh. Krishan Lal | B. Com. First Year | Govt. College Rupnagar | S. Kartar Sigh Nanakpura Mem. Sch. | Rs.3000/- |
| 76 | Miss Prabhjot Kaur d/o S.Narinder Singh | B.Com. 1st Year | Govt. College Ropar | Mata Hardial Kaur Memorial Scholarship. | Rs.3000/- |
| 77 | Miss Manpreet Kaur d/o S.Harjit Singh | B. Com. First Year | Govt College Ropar | Mata Hardial Kaur Memorial Scholarship. | Rs.3000/- |
| 78* | Miss NEHA d/o Sh.Mithilesh Kumar Sah | B. Com. 2nd Year | Govt. College Ropar | Smt Gurjinder Kaur Scholarship | Rs.3000/- |
| 79 | Sh. Gaganpreet Singh s/o S.Gurmukh Singh | B. Com. 2nd Year | A.S.B.A.S.J.S. Mem. College Bela | S. Santokh Singh Nanua Memorial Scholarship. | Rs.3000/- |
| 80 | Sh. Iqbal Singh s/o S.Hardev Singh | B. Vocational First Year | A.S.B.A.S.J.S. Mem. College Bela | Major Balram Singh Charanjit Kaur Sch. | Rs.3600/- |
| 81* | Miss Manjot Kaur d/o S.Avtar Singh | B. Com. Sem.-I | Govt. College Rupnagar | Ch. Tulsi Ram Memorial Scholarship | Rs.3000/- |
| 82* | Miss Jyoti Devi d/o Sh.Harmesh Kumar | B. Com. First Year | Govt. College Rupnagar | Smt. Gurjinder Kaur Scholarship | Rs.3000/- |
| 83 | Sh. Gagandeep Singh s/o S.Surinder Singh | B. Com. Second Year | Govt. College Rupnagar | Mata Durgi Devi/ S. Mota Singh Mem.l Sch., | Rs.4800/- |
| 84 | Miss Preet Saini d/o Sh.Dwarka Dass | B. Com. Sem.-I | Govt. College Rupnagar | Mata Harbans Kaur Memorial Scholarship | Rs.3000/- |
| 85* | Miss NISHA d/o Sh. Baju Mandal. | B. Com Sem.-I | Govt. College Rupnagar | Smt. Daropadi/ Jai Ram Scholarship. | Rs.3600/- |
| 86 | Miss Amanpreet Kaur d/o Sh.Parshotam Singh | B. Com. Final | Govt. College Ropar | Ch. Ganda Ram Zaildar Memorial Scholarship. | Rs.3000/- |
| 87* | Miss Kirandeep Kaur d/o Sh.Jagir Lal | B. Com. 1st Year | Govt. College Ropar | Sh.Mangal Singh Memorial Scholarship. | Rs.3000/- |
| 88 | Miss Satnam Kaur d/o S.Dalbara Singh | B. Com. 3rd Year | Govt. College Ropar | Sh. Gulab Singh Memorial Scholarship. | Rs.3000/- |

Life Membership of Saini Bhawan = Rs. 2500/-
Magazine Membership per year = Rs. 100/-
Magazine Membership for Five Years = Rs. 500/-

| | | | | | |
|---|---|---|---|---|---|
| 89 | Miss Gaganpreet Kaur d/o S. Jaswinder Singh | B. Com. Sem.-V | Govt. College Ropar | Sh. Gulab Singh Memorial Scholarship | Rs.3000/- |
| 90 | Miss Gurpreet Kaur d/o S.Darshan Singh | B. Com. 3rd Year | Govt. College Ropar | Smt. Thakri Devi Memorial Scholarship | Rs.3000/- |
| 91 | Miss Arvinder Kaur d/o Sh. Rajinder Singh | B. Com. 3rd Year | Govt. College Ropar | Siri Ram/ Hardev Singh Saini Scholarship, | Rs.4800/- |
| 92* | Miss Tejinder Kaur d/0 late S.Jaswinder Singh | B.A. 2nd Year | Govt. College Ropar | Mata Chanan Kaur S. Pritam Singh Mem. Sch. | Rs.2400/- |
| 93* | Miss Manju Sahani d/o Sh.Lal Bahadur Sahani | B. A. 1st Year | Govt. College Ropar | Mata Harbans Kaur Memorial Scholarship, | Rs.3000/- |
| 94 | Miss Mandeep kaur d/o S. Balbir Singh | B.A. Sem.-V | Govt. College Ropar | Ch. Tulsi Ram Memorial Scholarship, | Rs.3000/- |
| 95* | Miss Amritpal Kaur d/o S.Bakhsish Singh | +2 Arts | Parkash Memorial Deaf & Dumb welfare Society c/o Blue Birds Public School Ropar | Sh. Gurpreet Singh Memorial Scholarship, Rs. 4000/- per annum | Rs.4000/- |
| 96* | Miss Satbir Kaur d/o S.Bachittar Singh | +2 Commerce | Deaf & Dumb Blue Birds School Ropar | Sh. Gurpreet Singh Memorial Scholarship | Rs.4000/- |
| 97 | Miss Ramanpreet Kaur d/o late Baljinder Singh | +2 Non-Med. | Neta Ji Model School Ropar | Mata Swaran Kaur/ S. Jagat Singh Mem. Sch. | Rs.6000/- |
| 98* | Sh. Arshpreet Singh s/o S.Rajinderpal Singh | +2 Non-Med. | Govt. Sr. Sec. School Rupnagar | Sh. Gurpreet Singh Memorial Scholarship | Rs.4000/- |
| 99 | Miss Jaspreet Kaur d/o the late S.Gurmit Singh | +2 Non-Med | Genius Inter. Public School, Solkhian | Dr. Haqikat Rai/Satpal Grover Scholarship | Rs.3600/- |
| 100 | Sh. Harpreet Singh Saini s/o S.Balwinder Singh | XI Arts | D.A.V. Public School Ropar | S. Mahinder Singh Girn Memorial Scholarship , | Rs.3600/- |
| 101 | Miss Simarjeet Kaur d/o S.Didar Singh | +2 Non-Med. | SSS Sr. Sec. School MORINDA | Ch. Mehtab Rai Gulshan Rai Scholarship, | Rs.3600/- |
| 102 | Miss Appurva Saini d/o Sh.Vikram Singh Saini | +2 Medical | S.A.S. Academy ROPAR | Ch. Girdhari Lal/ Ratna Devi Saini Scholarship, | Rs.3600/- |
| 103 | Sh. Jagvir Singh s/o S.Balwinder Singh | XI Arts | Govt. Sr. Sec. School BELA | Ch. Asa Ram/ Kartar Kaur Mem.Scholarship | Rs.3000/- |
| 104* | Miss Pardeep Kaur d/o S.Mukhtiar Singh | B. Com 5th Sem. 3rd Year | Rayat Bahra Uni. SAHAURAN | Smt. Navjot Nanua Memorial Scholarship | Rs.2400/- |
| 105 | Miss Manjot Kaur d/o the late S.Gurmeet Singh | B. Sc. Nursing 2nd Year | RB College of Nursing Sahauran | Smt. Navjot Nanua Memorial Scholarship | Rs.2400/- |
| 106 | Sh. Harmanjeet Singh s/o late S. Sukhwinder Singh | +2 Commerce | D.A.V. Sr. Sec. School ., Rupnagar | Ch. Partap Chand/ Hardyal Ram Niwas Sch. | Rs.3600/- |
| 107 | Sh. Jaspreet Singh s/o S. Jarnail Singh | Diploma Electrical Engg. | Chd.Poly. College GHARUAN | Sh. Amar Chand/ Smt Pritam Kaur Mem.Sch. | Rs6000/- |



Dilpuneet Singh S/o Dr. Manmohan Singh & Dr. Satinder Kaur r/o # 278, Giani Zail Singh Nagar, Ropar started practice in Air Pistol in mid of April 2017 and within 6 months he got Gold Medals at National Level Championship in December 2017 at Pune (Maharashtra) after winning at Distt. Level and State Level. He is a student of 10+2 in Neta Ji Model School, Rupnagar



Mrs. Amanpreet Kaur Saini Daughter of S. Jeet Singh village Malikpur Distt. Rupnagar now resident of Kharar is acting as Anchor Cum Reporter in PTC Channel.



Mr. Harman Singh S/o S. Kuldeep Singh Golia (Saini) resident of Ranjit Avenue, Rupnagar who has been selected as Lieutenant in Army.

ਸੈਣੀ ਲੇਖਕ, ਖੋਜੀ ਤੇ ਅਨੁਵਾਦਕ

## ਡਾ. ਸਵਰਨ ਸਿੰਘ

ਮਨਮੋਹਨ ਸਿੰਘ
ਦਾਊਂ

ਜ਼ਿਲ੍ਹਾ ਰੂਪਨਗਰ ਦਾ ਮਸ਼ਹੂਰ ਪਿੰਡ ਭਿਓਰਾ। ਇਸ ਪਿੰਡ ਤੋਂ ਥੋੜ੍ਹੀ ਦੂਰ ਭਾਖੜਾ ਨੰਗਲ ਨਹਿਰ ਪੱਛਮ ਦੀ ਕੁੱਖ ਨਾਲ ਵੱਗਦੀ ਹੈ। ਪਿੰਡ ਭਿਓਰਾ ਦੇ ਹੀ ਜੰਮਪਾਲ ਸਵਰਨ ਸਿੰਘ ਦਾ ਜਨਮ 10 ਮਈ , 1934 ਨੂੰ ਪਿਤਾ ਸ੍ਰੀ ਚਮੇਲ ਸਿੰਘ ਤੇ ਮਾਤਾ ਪ੍ਰਤਾਪ ਕੌਰ ਦੇ ਗ੍ਰਹਿ ਵਿਖੇ ਹੋਇਆ। ਪੰਜਾਬੀ ਦੇ ਸਮੱਰਥ ਕਹਾਣੀਕਾਰ ਨਵਤੇਜ ਪੁਆਧੀ ਦਾ ਵੀ ਇਹੋ ਜੱਦੀ ਪਿੰਡ ਸੀ। ਸਵਰਨ ਸਿੰਘ ਦੇ ਵੱਡੇ ਭਰਾ ਸੰਤੋਖ ਸਿੰਘ ਕਾਨੂੰਨਗੋ ਦੇ ਅਹੁਦੇ 'ਤੇ ਰਹੇ। ਜੱਦੀ ਜਾਇਦਾਦ ਦੀ ਸਾਂਭ ਸੰਭਾਲ ਕਰਨ ਲਈ ਉਨ੍ਹਾਂ ਨੇ ਪਿੰਡ ਦੇ ਸਮਾਜ ਸੇਵੀ ਵਿਅਕਤੀ ਮੋਤਾ ਸਿੰਘ (ਚੱਕੀ ਵਾਲੇ) ਨੂੰ ਜ਼ਿੰਮੇਵਾਰੀ ਦੇ ਦਿੱਤੀ ਤੇ ਆਪ ਪਰਿਵਾਰ ਸਮੇਤ ਦਿੱਲੀ ਵਿਖੇ ਵਾਸਾ ਕਰ ਲਿਆ। ਸਵਰਨ ਸਿੰਘ ਨੇ ਮੁੱਢਲੀ ਵਿੱਦਿਆ ਆਪਣੇ ਪਿੰਡ ਦੇ ਸਕੂਲ ਤੋਂ ਗ੍ਰਹਿਣ ਕੀਤੀ। ਮੈਟ੍ਰਿਕ ਪਾਸ ਕਰਨ ਪਿੱਛੋਂ ਬੀ.ਏ. ਦੀ ਡਿਗਰੀ ਸਰਕਾਰੀ ਕਾਲਜ ਰੋਪੜ ਤੋਂ ਪਾਸ ਕੀਤੀ । ਪੜ੍ਹਨ ਦਾ ਸ਼ੌਕ ਬਚਪਨ ਤੋਂ ਹੀ ਸੀ। ਐੱਮ.ਏ. ਪੰਜਾਬੀ ਦਿੱਲੀ ਜਾ ਕੇ ਕੀਤੀ ਅਤੇ ਪੀ.ਐੱਚ.ਡੀ. ਦਿੱਲੀ ਯੂਨੀਵਰਸਿਟੀ ਤੋਂ ਕੀਤੀ । ਫ਼ਿਰ ਮਰਾਠੀ ਭਾਸ਼ਾ ਦੀ ਮੁਹਾਰਤ ਲਈ ਪੂਨਾ ਯੂਨੀਵਰਸਿਟੀ ਦਾਖ਼ਲ ਹੋ ਕੇ 1964 'ਚ ਮਰਾਠੀ ਦਾ ਕੀਤਾ। ਦਿੱਲੀ ਯੂਨੀਵਰਸਿਟੀ ਵਿੱਚ ਬਤੌਰ ਪੰਜਾਬੀ ਪ੍ਰੋਫ਼ੈਸਰ 33 ਸਾਲ ਅਧਿਆਪਨ ਦੇ ਖੇਤਰ 'ਚ ਨਾਮਣਾ ਖੱਟਿਆ। ਦੋ ਸਾਲ ਅਲਾਹਾਬਾਦ ਯੂਨੀਵਰਸਿਟੀ ਵਿੱਚ ਸੇਵਾ ਨਿਭਾਈ । ਇਸ ਤੋਂ ਬਾਅਦ ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ ਯੂਨੀਵਰਸਿਟੀ ਕੈਂਪਸ ਦਿੱਲੀ ਵਿਖੇ ਪੰਜਾਬੀ ਵਿਭਾਗ 'ਚ ਬਤੌਰ ਰੀਡਰ ਸੇਵਾਵਾਂ ਨਿਭਾਈਆਂ । ਇਸ ਸਮੇਂ ਦੌਰਾਨ ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਦੇ ਸਕੱਤਰ ਵਜੋਂ ਕਾਰਜਸ਼ੀਲ ਰਹੇ। ਕੁਝ ਅਰਸਾ ਕੌਮੀ ਸਾਹਿਤ ਮੰਚ-ਕਲਾ ਅਤੇ ਸਾਹਿਤ ਪੰਜਾਬੀ ਸਭਾ ਦੇ ਜਨਰਲ ਸਕੱਤਰ ਵੀ ਰਹੇ । ਇਸ ਅਹੁਦੇ ਨੂੰ ਇਨ੍ਹਾਂ ਨੇ ਬੜੀ ਸਿਦਕਦਿਲੀ ਤੇ ਸੁਹਿਰਦਤਾ ਨਾਲ ਨਿਭਾਇਆ । ਦਿੱਲੀ ਤੋਂ ਛਪਦੇ ਪੰਜਾਬੀ ਸਪਤਾਹਿਕ/ਪੰਦਰਾਂ ਰੋਜ਼ਾ ਅਖ਼ਬਾਰ 'ਕੌਮੀ ਵੰਗਾਰ' ਦੇ ਮੁੱਖ ਸੰਪਾਦਕ ਵਜੋਂ ਕੰਮ ਕੀਤਾ । ਇਹ ਅਖ਼ਬਾਰ 1983 ਤੋਂ ਪ੍ਰਾਰੰਭ ਹੋਇਆ ਸੀ। ਪੰਜਾਬੀ ਸਾਹਿਤ ਨੂੰ ਸਵਰਨ ਸਿੰਘ ਹੁਰਾਂ ਦੀ ਵਡਮੁੱਲੀ ਦੇਣ ਹੈ। ਨਜ਼ਰ ਮਾਰਿਆ ਜਿਨ੍ਹਾਂ ਪੁਸਤਕਾਂ ਦਾ ਵੇਰਵਾ ਮਿਲਦਾ ਹੈ, ਉਹ ਮੌਲਿਕ ਰਚਨਾਵਾਂ ਇਸ ਪ੍ਰਕਾਰ ਹਨ: ਨ੍ਹਾਵਣ ਚੱਲੇ ਤੀਰਥੀਂ (1990) (ਸਫ਼ਰਨਾਮਾ), ਸਰਦਾਰ ਭਗਤ ਸਿੰਘ (ਜੀਵਨੀ) , ਧਰਤਿ ਸੁਹਾਵੀ (ਪੇਂਡੂ ਸੱਭਿਆਚਾਰ), ਰੁਤਿ ਫਿਰੀ (ਪੇਂਡੂ ਸੱਭਿਆਚਾਰ), ਚਿੱਤਰ ਵਚਿੱਤਰ ( ਲੇਖਕਾਂ ਦੇ ਕਲਮੀ ਚਿੱਤਰ ), ਆਜ਼ਾਦੀ ਦੇ ਸੁੱਚੇ ਵਣਜਾਰੇ (ਚਿੱਤਰ ਸ਼ਬਦ), ਮੋਹੜੀ ਗੱਡੀ ਪਿੰਡ ਵੱਸਿਆ (ਪੇਂਡੂ ਸੱਭਿਆਚਾਰ), ਦਿੱਲੀ ਦਿਲ ਹਿੰਦੁਸਤਾਨ ਦਾ,ਮੇਰੇ ਨਿੱਕੇ- ਨਿੱਕੇ ਯੁੱਧ ( ਸਵੈ-ਜੀਵਨੀ), ਕੁਝ ਹੋਰ ਵਣਜਾਰੇ ਆਜ਼ਾਦੀ ਦੇ ਸੁਤੰਤਰਤਾ ਸੈਨਾਨੀਆਂ ਦੇ ਸ਼ਬਦ (ਚਿੱਤਰ ) ਅਤੇ ਆਜ਼ਾਦੀ ਲਹਿਰ ਦੇ ਸੁੱਚੇ ਸੂਰਮੇ ਆਖਰੀ ਪੁਸਤਕ ਉਨਾਂ ਦੇ ਸ਼ਗਿਰਦ ਬੀ. ਵਰਿੰਦਰਜੀਤ ਸਿੰਘ ਨੇ ਸੰਪਾਦਿਤ ਕੀਤੀ)। ਡਾ. ਸਵਰਨ ਸਿੰਘ ਨੇ ਕੁਝ ਪੁਸਤਕਾਂ ਸੰਪਾਦਿਤ ਵੀ ਕੀਤੀਆਂ ਜਿਵੇਂ 'ਅਜੋਕੀ ਪੰਜਾਬੀ ਕਹਾਣੀ, ਗੁਰਬਚਨ ਸਿੰਘ ਦਾ ਪ੍ਰੀਤ ਸੰਸਾਰ ਤੇ ਸਰਬਾਂਗੀ ਸਾਹਿਤਕਾਰ ਗੁਰਬਚਨ ਸਿੰਘ ਅਰਸ਼ੀ । ਮੌਲਿਕ ਮਰਾਠੀ ਤੋਂ ਪੰਜਾਬੀ ਵਿੱਚ ਅਨੁਵਾਦ ਵਾਲੀਆਂ ਡਾ. ਸਵਰਨ ਸਿੰਘ ਹੁਰਾਂ ਦੀਆਂ ਮਹੱਤਵਪੂਰਨ ਪੁਸਤਕਾਂ ਦਸ ਹਨ: ਬਨਗਰਵਾੜੀ (ਨਾਵਲ), ਬ੍ਰਾਹਮਣ ਕੰਨਿਆ (ਨਾਵਲ), ਫੁੱਲ ਕੁਮਲਾਇਆ (ਨਾਵਲ), ਨਾਮਦੇਵ (ਜੀਵਨੀ) , ਮਾਹੀਮ ਦੀ ਖਾੜੀ (ਨਾਵਲ) ਵਾਮਨ ਮਲ੍ਹਾਰ ਜੋਸ਼ੀ (ਜੀਵਨੀ ਤੇ ਰਚਨਾ), ਆਗਰਕਰ (ਲੇਖ ਸੰਗ੍ਰਹਿ ), ਮਰਾਠੀ ਨਿੱਕੀ ਕਹਾਣੀ ਤੇ ਰੇਸ਼ਮ ਦੇ ਕੀੜੇ ਦਾ ਘਰੌਂਦਾ (ਨਾਵਲ) । ਇਹ ਪੁਸਤਕਾਂ ਨੈਸ਼ਨਲ ਬੁੱਕ ਟਰੱਸਟ ਨਵੀਂ ਦਿੱਲੀ ਅਤੇ ਸਾਹਿਤ ਅਕਾਦਮੀ ਨਵੀਂ ਦਿੱਲੀ ਵੱਲੋਂ ਪ੍ਰਕਾਸ਼ਿਤ ਕੀਤੀਆਂ ਗਈਆਂ । ਉਨ੍ਹਾਂ ਵੱਲੋਂ ਜਪੁਜੀ ਸਾਹਿਬ ਦਾ 1969 ਵਿੱਚ ਮਰਾਠੀ 'ਚ ਕੀਤਾ ਅਨੁਵਾਦ ਬਹੁਤ ਸਲਾਹਿਆ ਗਿਆ , ਜਿਸ ਨੂੰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ , ਨਵੀਂ ਦਿੱਲੀ ਨੇ ਪ੍ਰਕਾਸ਼ਿਤ ਕੀਤਾ ।ਇਸ ਤੋਂ ਇਲਾਵਾ ਡਾ. ਸਵਰਨ ਸਿੰਘ ਦੀਆਂ ਅੰਗਰੇਜ਼ੀ 'ਚ ਲਿਖੀਆਂ ਦੋ ਪੁਸਤਕਾਂ ਵੀ ਮਿਲਦੀਆਂ ਹਨ। ਇਸ ਅਦੁੱਤੀ ਸਾਹਿਤਕ ਘਾਲਣਾ ਦੀ ਕੀਰਤੀ ਦੇ ਸਦਕਾ , ਉਨ੍ਹਾਂ ਜੀ ਨੂੰ 1989 'ਚ 'ਵਿਸ਼ੇਸ਼ ਸਾਹਿਤਕਾਰ' ਪੁਰਸਕਾਰ ਨਾਲ ਨਿਵਾਜਿਆ ਗਿਆ । ਪੰਜਾਬੀ ਅਕਾਦਮੀ ਦਿੱਲੀ ਵੱਲੋਂ 'ਸਾਧੂ ਸਿੰਘ ਹਮਦਰਦ' ਪੱਤਰਕਾਰਿਤਾ ਪੁਰਸਕਾਰ, ਵਿਸ਼ੇਸ਼ ਪੰਜਾਬੀ ਵਾਰਤਕ ਪੁਰਸਕਾਰ ਤੇ ਅਨੁਵਾਦ ਪ੍ਰਦਾਨ ਕੀਤੇ । ਸਾਹਿਤ ਅਕਾਦਮੀ , ਦਿੱਲੀ ਨੇ ਅਨੁਵਾਦ ਪੁਰਸਕਾਰ (ਮਰਾਠੀ ਤੋਂ ਪੰਜਾਬੀ ) ਨਾਲ ਉਨ੍ਹਾਂ ਨੂੰ ਅਲੰਕ੍ਰਿਤ ਕੀਤਾ। ਇਸ ਤੋਂ ਬਿਨ੍ਹਾਂ ਪੰਜਾਬੀ ਸੱਥ ਲਾਂਬੜਾ ਜਲੰਧਰ ਨੇ 'ਡਾ. ਮਹਿੰਦਰ ਸਿੰਘ ਰੰਧਾਵਾ' ਸੱਭਿਆਚਾਰ ਪੁਰਸਕਾਰ ਦੇ ਕੇ ਉਨ੍ਹਾਂ ਦੀ ਪੰਜਾਬੀ ਮਾਂ-ਬੋਲੀ ਪ੍ਰਤੀ ਮੁਹੱਬਤ ਨੂੰ ਸ਼ੋਭਾ ਦਿੱਤੀ ।ਪੰਜਾਬੀ ਕਲਾ ਸੰਗਮ ਨਵੀਂ ਦਿੱਲੀ ਨੇ ਆਪ ਨੂੰ 'ਪ੍ਰੋ. ਤੇਜਾ ਸਿੰਘ ਵਾਰਤਕ ਪੁਰਸਕਾਰ' ਦੇ ਕੇ ਆਪਣਾ ਮਾਣ ਵਧਾਇਆ । 'ਆਜ਼ਾਦੀ ਲਹਿਰ ਦੇ ਸੁੱਚੇ ਸੂਰਮੇ ਪੁਸਤਕ 'ਚ 29 ਪ੍ਰਮੁੱਖ ਸ਼ਖਸੀਅਤਾਂ ਬਾਰੇ ਨਿਬੰਧ ਹਨ। ਇਸ ਪੁਸਤਕ ਦੀ ਭੂਮਿਕਾ 'ਚ ਡਾ. ਜਸਪਾਲ ਸਿੰਘ (ਸਾਬਕਾ ਉਪ ਕੁਲਪਤੀ, ਪੰਜਾਬੀ ਯੂਨੀਵਰਸਿਟੀ , ਪਟਿਆਲਾ) ਨੇ ਡਾ. ਸਵਰਨ ਸਿੰਘ ਦੀ ਲਿਖਣ ਸ਼ੈਲੀ ਬਾਰੇ ਸਹੀ ਤਰਜਮਾਨੀ ਕੀਤੀ ਹੈ। ਡਾ. ਸਵਰਨ ਸਿੰਘ ਦੀ ਵਾਰਤਕ ਦੀ ਖ਼ੂਬਸੂਰਤੀ ਇਹ ਹੈ ਕਿ ਜਦੋਂ ਉਹ ਇਤਿਹਾਸਿਕ ਘਟਨਾਵਾਂ ਦਾ ਬਿਆਨ ਕਰਦਾ ਹੈ ਤਾਂ ਉਹ

ਤਰਕਸ਼ੀਲ ਵਿਧੀ ਅਪਣਾਉਂਦਾ ਹੈ ਅਤੇ ਜਦੋਂ ਉਹ ਮਾਨਵੀ ਸਥਿਤੀਆਂ ਦਾ ਜ਼ਿਕਰ ਕਰਦਾ ਹੈ ਤਾਂ ਉਸ ਦੀ ਵਾਰਤਕ ਭਾਵਨਾਤਮਕ ਲਹਿਜਾ ਅਖਤਿਆਰ ਕਰ ਲੈਂਦੀ ਹੈਂ। ਡਾ.ਸਵਰਨ ਸਿੰਘ ਦੀਆਂ ਪੇਂਡੂ ਸੱਭਿਆਚਾਰ ਵਾਲੀਆਂ ਪੁਸਤਕਾਂ ਪੜ੍ਹ ਕੇ ਇਹ ਗੱਲ ਕਹੀ ਜਾ ਸਕਦੀ ਹੈ ਕਿ ਡਾ. ਸਵਰਨ ਸਿੰਘ ਨੇ ਭਾਵੇਂ ਰੋਟੀ ਫ਼ਰੋਜ਼ੀ ਲਈ ਦਿੱਲੀ ਨਹੀਂ ਛੱਡੀ , ਪ੍ਰੰਤੂ ਉਨ੍ਹਾਂ ਦੀ ਰੂਹ ਪਿੰਡ ਦੀ ਮਿੱਟੀ ਨਾਲ ਜੁੜੀ ਰਹੀ । ਆਪਣੀਆਂ ਜੜ੍ਹਾਂ ਨਾਲ ਜੁੜਿਆ ਰਹਿਣਾ , ਆਪਣੇ ਵਿਰਸੇ ਤੇ ਇਤਿਹਾਸ ਨੂੰ ਮੁਹੱਬਤ ਕਰਨ ਵਾਲਾ ਕਰਮ ਹੁੰਦਾ ਹੈ। ਉਨ੍ਹਾਂ ਦਾ ਦਿਹਾਂਤ 11 ਨਵੰਬਰ ,2011 ਨੂੰ ਦਿੱਲੀ ਵਿਖੇ ਹੋਇਆ। ਪੁਆਧ ਦੇ ਜੰਮਪਾਲ ਡਾ. ਸਵਰਨ ਸਿੰਘ ਸਚਮੁੱਚ ਪ੍ਰਬੁੱਧ ਸਾਹਿਤਕਾਰ, ਖੋਜੀ- ਵਿਦਵਾਨ ਅਤੇ ਨਿਪੁੰਨ ਅਨੁਵਾਦਕ ਸਨ, ਜਿਨ੍ਹਾਂ ਦੀ ਸਾਹਿਤਕ ਦੇਣ ਇੱਕ ਸੰਸਥਾ ਵਰਗੀ ਹੈ।

❊ ❊ ❊ ❊ ❊

## ਸੈਣੀ ਭਵਨ ਦੇ ਅਰਸ਼ 'ਚੋਂ ਇੱਕ ਹੋਰ ਤਾਰਾ ਟੁੱਟਿਆ

ਸੈਣੀ ਭਵਨ ਰੂਪਨਗਰ ਦੇ ਟਰਸਟੀ ਸ਼੍ਰੀ ਸਤੀਸ਼ ਸੈਣੀ (ਬੇਲਾ) 15 ਨਵੰਬਰ 2017 ਨੂੰ ਅਕਾਲ ਚਲਾਣਾ ਕਰ ਗਏ ਹਨ। ਉਨ੍ਹਾਂ ਦੀ ਬੇਵਕਤੀ ਅਤੇ ਅਚਾਨਕ ਮੌਤ ਨਾਲ ਸੈਣੀ ਭਵਨ ਦੇ ਪ੍ਰਬੰਧਕਾਂ ਨੂੰ ਨਾਪੂਰਨਯੋਗ ਘਾਟਾ ਪਿਆ ਹੈ। ਉਹ ਸੈਣੀ ਚੈਰੀਟੇਬਲ ਐਜੂਕੇਸ਼ਨ ਦੇ ਮੁਢਲੇ ਟਰਸਟੀ ਸਨ ਅਤੇ ਇਸ ਦੀਆਂ ਸਾਰੀਆਂ ਗਤੀਵਿਧੀਆਂ ਵਿੱਚ ਵਧ ਚੜ੍ਹ ਕੇ ਹਿੱਸਾ ਲੈਂਦੇ ਸਨ। ਸ਼੍ਰੀ ਸੈਣੀ ਰੂਪਨਗਰ ਦੀਆਂ ਹੋਰ ਵੀ ਕਈ ਸਮਾਜਸੇਵੀ ਸੰਸਥਾਵਾਂ ਨਾਲ ਜੁੜੇ ਹੋਏ ਸਨ।ਉਹ ਨਿਧੜਕ ਅਤੇ ਬੇਬਾਕ ਸਖ਼ਸ਼ੀਅਤ ਦੇ ਮਾਲਕ ਸਨ।ਉਹ ਰਾਜਨੀਤਿਕ ਤੌਰ 'ਤੇ ਵੀ ਪੂਰੇ ਚੇਤੰਨ ਅਤੇ ਕਿਰਿਆਸ਼ੀਲ ਸਨ।ਸ਼੍ਰੀ ਸੈਣੀ ਇੱਕ ਕਾਮਯਾਬ ਕਾਰੋਬਾਰੀ ਸਨ।ਆਪ ਦੇ ਸਸਕਾਰ ਅਤੇ ਅੰਤਿਮ-ਅਰਦਾਸ ਵਿੱਚ ਸ਼ਹਿਰ ਅਤੇ ਇਲਾਕੇ ਦੇ ਹਜ਼ਾਰਾਂ ਲੋਕਾਂ ਨੇ ਸ਼ਾਮਿਲ ਹੋ ਕੇ ਉਨ੍ਹਾਂ ਨੂੰ ਭਾਵਪੂਰਤ ਸ਼ਰਧਾਂਜਲੀ ਭੇਟ ਕੀਤੀ।ਅਦਾਰਾ ਸੈਣੀ ਸੰਸਾਰ,ਸਵਰਗਵਾਸੀ ਦੇ ਪਰਿਵਾਰ ਦੇ ਇਸ ਦੁੱਖ ਵਿੱਚ ਸ਼ਰੀਕ ਹੈ।ਸਾਡੀ ਸਭ ਦੀ ਅਰਦਾਸ ਹੈ ਕਿ ਪਰਮਾਤਮਾ ਵਿੱਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਵੇ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।





## ਕਵਿਤਾ

ਕਰਮਜੀਤ ਲਸਾੜਾ
ਹੈਰਸਬਰਗ (ਯੂ.ਐੱਸ.ਏ.)

ਪੀੜਾਂ ਵਾਲੀ ਪੰਡ ਦਾ
ਮੈਂ ਢੋਂਦਾ ਹਾਂ ਬੋਝ ਰੋਜ਼
ਜ਼ਖ਼ਮੀ ਵੀ ਏ ਉਦਾਸ ਹੈ ਦਿਲ,
ਫੇਰ ਵੀ ਮੈਂ ਚੁੱਪ ਹਾਂ।
ਮੁੱਢ ਤੋਂ ਹੀ ਨੰਗੇ ਪਿੰਡੇ
ਝੋਰਿਆਂ ਦੀ ਦਹਿਕ ਹੇਠ
ਭਟਕਦੀ ਹੋਈ ਰੂਹ ਨੂੰ
ਜਿਵੇਂ ਕੋਈ ਭੁੱਖ ਨਾ।
ਗਰਮ ਸਰਦ ਹਵਾਵਾਂ ਨੂੰ ਵੀ
ਝੱਲਦਾ ਮੈਂ ਰੋਜ਼ ਹਾਂ
ਫ਼ਰਕ ਹੁਣ ਪੈਂਦਾ ਨਹੀਂ
ਸੁੱਕ ਚੁੱਕਾ ਰੁੱਖ ਹਾਂ।
ਦਿਲ ਵੀ ਪਸੀਜ ਗਿਆ
ਰੂਹ ਵੀ ਹੁਣ ਮਰ ਚੁੱਕੀ
ਸਾਹ ਹੀ ਬਸ ਚਲਦੇ ਨੇ
ਇੱਕ ਲਾਇਲਾਜ ਦੁੱਖ ਹਾਂ।
'ਜੀਤ' ਦੀਆਂ ਮਜ਼ਬੂਰੀਆਂ ਨੂੰ
ਨੇੜਤਾ ਤੇ ਦੂਰੀਆਂ ਨੂੰ
ਲਾਟ ਮਿਲੂ ਸਿਵਿਆਂ 'ਚ
ਵਰਨਾ ਹਨ੍ਹੇਰਾ ਮੈਂ ਵੀ ਬੜਾ ਘੁੱਪ ਹਾਂ।

❊ ❊ ❊ ❊ ❊

## ਪ੍ਰਦੇਸੀ

ਮੋਰ ਕੂੰਜਾਂ ਨੂੰ ਦੇਵਣ ਤਾਹਨੇ,
ਥੋਡੀ ਨਿਤ ਪਦੇਸ ਤਿਆਰੀ।
ਤੁਸੀਂ ਕੁਪੱਤੀਆਂ ਜਾਂ ਦੇਸ ਕੁਪੱਤਾ,
ਜਾਂ ਲੱਗ ਗੀ ਕਿਸੇ ਨਾਲ ਯਾਰੀ।
ਨਾ ਵੇ ਮੋਰਾ ਅਸੀਂ ਕੁਪੱਤੀਆਂ,
ਨਾ ਹੀ ਕਿਸੇ ਨਾਲ ਯਾਰਾਂ।
ਡਾਢੇ ਨੇ ਸਾਡੀ ਚੋਗ ਖਿਲਾਰੀ,
ਲੈਣੀ ਪਵੇ ਉਡਾਰੀ।



ਇਤਿਹਾਸ ਦੇ ਅਣਖੁੱਲ੍ਹੇ ਵਰਕੇ

# ਮਹਾਨ ਇਨਕਲਾਬੀ, ਜਿਸ 'ਤੇ ਆਪਣਿਆਂ ਨੇ ਹੀ ਜ਼ੁਲਮ ਢਾਏ

ਡਾ. ਅਜਮੇਰ ਸਿੰਘ

ਇਤਿਹਾਸ ਸਾਰਿਆਂ ਨਾਲ ਇਨਸਾਫ ਨਹੀਂ ਕਰਦਾ। ਇਸ ਵਿੱਚ ਕੁੱਝ ਬੰਦੇ ਘੱਟ ਕੀਤਿਆਂ ਹੀ ਆਪਣੀ ਰਾਜਨੀਤਿਕ ਸ਼ਕਤੀ ਨਾਲ ਪੰਨਿਆਂ 'ਤੇ ਛਾਅ ਜਾਂਦੇ ਹਨ ਜਦੋਂ ਕਿ ਅਨੇਕਾਂ ਦੀਆਂ ਬੇਮਿਸਾਲ ਕੁਰਬਾਨੀਆਂ ਵੀ ਸਮੇਂ ਦੀ ਧੁੰਦ ਵਿੱਚ ਗੁਆਚ ਜਾਂਦੀਆਂ ਹਨ।ਆਪਣਿਆਂ ਹੀ ਸਾਜ਼ਿਸ਼ਾਂ ਦਾ ਸ਼ਿਕਾਰ ਇੱਕ ਅਜਿਹਾ ਹੀ ਮਹਾਨ ਇਨਕਲਾਬੀ ਯੋਧਾ ਹੈ, Leun Trotsk ਜਿਸ ਨੂੰ ਰੂਸੀ ਭਾਸ਼ਾ ਵਿੱਚ ਲਿਉਨ ਤਾਸਕੀ ਬੋਲਿਆ ਜਾਂਦਾ ਹੈ। ਉਹ ਰੂਸ ਦੇ ਜ਼ਾਰ ਦੀ ਸਥਾਪਤੀ ਵਿਰੁੱਧ ਜੰਗ ਛੇੜਨ ਅਤੇ ਫ਼ਤਿਹ ਹਾਸਲ ਕਰਨ ਵਾਲੇ ਇਨਕਲਾਬੀਆਂ ਦਾ ਹੀਰੋ ਸੀ।ਜਦੋਂ 1917 ਵਿੱਚ ਇਨਕਲਾਬ ਸਫ਼ਲ ਹੋਇਆ ਤਾਂ ਲੈਨਿਨ ਨੇ ਉਸ ਨੂੰ ਦੇਸ਼ ਦਾ ਪਹਿਲਾ ਰਾਸ਼ਟਰਪਤੀ ਨਾਮਜ਼ਦ ਕੀਤਾ ਜਿਸ ਨੂੰ ਉਸ ਨੇ ਬੜੀ ਹਲੀਮੀ ਨਾਲ ਲੈਨਿਨ ਨੂੰ ਸੌਂਪ ਦਿੱਤਾ। ਉਹ ਯੂਰਪ ਦੀਆਂ ਸਾਰੀਆਂ ਭਾਸ਼ਾਵਾਂ ਜਾਣਦਾ ਸੀ ਅਤੇ ਅੰਤਰਰਾਸ਼ਟਰੀ ਕੂਟਨੀਤੀ ਦਾ ਮਾਹਿਰ ਸੀ। ਇਸ ਲਈ ਲੈਨਿਨ ਨੇ ਤਾਸਕੀ ਨੂੰ ਦੇਸ਼ ਦਾ ਪਹਿਲਾ ਵਿਦੇਸ਼ ਮੰਤਰੀ ਨਿਯੁਕਤ ਕੀਤਾ।ਲੈਨਿਨ ਦੇ ਹੁੰਦਿਆਂ ਸਭ ਕੁੱਝ ਠੀਕ ਰਿਹਾ ਪਰੰਤੂ ਉਸ ਦੀ ਮੌਤ ਤੋਂ ਤੁਰੰਤ ਬਾਅਦ ਰੂਸ ਦੇ ਨਵੇਂ ਬਣੇ ਰਾਸ਼ਟਰਪਤੀ ਜੌਸਫ਼ ਸਤਾਲਿਨ ਨੇ ਉਸ ਨਾਲ ਦਿਲਕੰਬਾਊ ਅਣਮਨੁੱਖੀ ਵਰਤਾਵ ਕੀਤਾ। ਸਤਾਲਿਨ ਨੇ ਆਪਣੇ ਖ਼ੁਫ਼ੀਆ ਸਕੂਐਡ ਦੇ ਹੱਥੀਂ ਤਾਸਕੀ ਦੇ ਬੱਚਿਆਂ ਨੂੰ ਮਰਵਾ ਦਿੱਤਾ ਜਿਸ ਦਾ ਰਾਜਨੀਤੀ ਨਾਲ ਦੂਰ ਦਾ ਵੀ ਵਾਸਤਾ ਨਹੀਂ ਸੀ ਅਤੇ ਉਸ ਨੂੰ ਕਈ ਸਾਲਾਂ ਤੱਕ ਦਰਜਣਾਂ ਦੇਸ਼ਾਂ ਵਿੱਚ ਜਲਾਵਤਨੀ ਭੋਗਣ ਉਪਰੰਤ ਮੈਕਸੀਕੋ ਵਿੱਚ ਕਤਲ ਕਰਵਾ ਦਿੱਤਾ ਗਿਆ।ਇੰਨਾ ਹੀ ਨਹੀਂ ਸਤਾਲਿਨ ਨੇ ਉਸ ਦਾ ਨਾਂ ਇਤਿਹਾਸ ਵਿੱਚੋਂ ਹੀ ਖ਼ਾਰਜ ਕਰਵਾਉਣ ਲਈ ਆਪਣੇ ਸੰਚਾਰ ਸਾਧਨਾਂ ਰਾਹੀਂ ਉਸ ਨੂੰ ਦੇਸ਼ਧਰੋਹੀ ਸਿੱਧ ਕਰਨ ਹਿਤ ਅਤਿ ਦਾ ਭੰਡੀ ਪਰਚਾਰ ਕਰਵਾਇਆ।ਕਿਸੇ ਹਮਦਰਦ ਨੇ ਜੇ ਅਜਿਹਾ ਕਰਨ 'ਤੇ ਇਤਰਾਜ਼ ਕੀਤਾ ਤਾਂ ਉਸ ਨੂੰ ਫ਼ਾਇਰਿੰਗ ਸਕੂਐਡ ਜਾਂ ਸਾਇਬੇਰੀਆ ਸਾਹਮਣੇ ਦਿਸਿਆ।ਤਾਸਕੀ ਕਿਉਂਕਿ ਕਮਿਊਨਿਸਟ ਸੀ ਇਸ ਕਰਕੇ ਗੈਰ ਕਮਿਉਨਿਸਟਾਂ ਨੂੰ ਉਸ ਦੇ ਜੀਵਨ ਅਤੇ ਕੰਮਾਂ ਵਿੱਚ ਦਿਲਚਸਪੀ ਨਹੀਂ ਸੀ।ਇਸਹਾਕ ਡਿਊਸ਼ਰ ਰੂਸ ਦੇ ਆਧੁਨਿਕ ਇਤਿਹਾਸ ਦਾ ਗੰਭੀਰ ਦਰਸ਼ਨਵੇਤਾ ਹੈ। ਹੁਣ ਉਸ ਨੇ ਮੂਲ ਸਰੋਤਾਂ ਦੇ ਆਧਾਰ 'ਤੇ ਤਾਸਕੀ ਦਾ 1600 ਸਫ਼ਿਆਂ ਦਾ ਜੀਵਨ ਲਿਖਿਆ ਹੈ ਜਿਸ ਨੂੰ ਪੜ੍ਹ ਕੇ ਪੰਜਾਬੀ ਯੂਨੀਵਰਸਿਟੀ ਦੇ ਵਿਦਵਾਨ ਪ੍ਰੋ. ਹਰਪਾਲ ਸਿੰਘ ਪੰਨੂ ਨੇ ਆਪਣੀ ਪੁਸਤਕ, 'ਗੌਤਮ ਤੋਂ ਤਾਸਕੀ' ਵਿੱਚ ਇਸ ਭੁੱਲੇ ਵਿੱਸਰੇ ਇਨਕਲਾਬੀ ਦੇ ਜੀਵਨ ਦਾ ਸੰਖੇਪ ਖਾਕਾ ਚਿੱਤਰਿਆ ਹੈ। ਹਥਲਾ ਲੇਖ ਇਸ ਪੁਸਤਕ ਵਿੱਚੋਂ ਲਏ ਕੁੱਝ ਕੁ ਤੱਥਾਂ 'ਤੇ ਆਧਾਰਿਤ ਹੈ।

ਤਾਸਕੀ ਦਾ ਪਿਤਾ ਦਾਊਦ ਬਰਾਂਸਤੀਨ ਅਨਪੜ੍ਹ ਪਰ ਹਿੰਮਤੀ ਕਿਸਾਨ ਸੀ। ਮਾਂ ਓਡੀਸਾ ਪੜ੍ਹੀ ਲਿਖੀ ਯਹੂਦਣ ਤੇ ਧਰਮ ਵਿੱਚ ਪੱਕੀ ਸੀ ਜਦੋਂ ਕਿ ਦਾਊਦ ਨੂੰ ਧਰਮ ਕਰਮ ਵਿੱਚ ਕੋਈ ਦਿਲਚਸਪੀ ਨਹੀਂ ਸੀ। ਇਸ ਪਰਿਵਾਰ ਵਿੱਚ 26 ਅਕਤੂਬਰ 1879 ਨੂੰ ਇੱਕ ਬਾਲਕ ਦਾ ਜਨਮ ਹੋਇਆ ਜਿਸ ਦਾ ਨਾਮ ਲਿਉ ਦੈਵਿਦੋਵਿਚ ਰੱਖਿਆ ਗਿਆ ਜੋ ਬਾਅਦ ਵਿੱਚ ਤਾਸਕੀ ਦੇ ਨਾਮ ਨਾਲ ਪ੍ਰਸਿੱਧ ਹੋਇਆ। ਯਹੂਦੀ ਮਾਪਿਆਂ ਦਾ ਉਸ 'ਤੇ ਪੂਰਾ ਧਾਰਮਿਕ ਅਸਰ ਸੀ ਜਿਸ ਕਾਰਨ 18 ਸਾਲ ਦੀ ਉਮਰ ਤੱਕ ਉਸ ਨੇ ਕਾਰਲ ਮਾਰਕਸ ਦਾ ਨਾਂ ਵੀ ਨਹੀਂ ਸੁਣਿਆਂ ਸੀ ਅਤੇ ਫਿਰ ਕਈ ਸਾਲ ਤੱਕ ਉਸ ਨੇ ਮਾਰਕਸਵਾਦ ਦੀ ਖਿੱਲੀ ਉਡਾਈ।ਉਹ ਬੜਾ ਤੀਖਣ ਬੁੱਧੀ ਵਾਲਾ ਉਤਸ਼ਾਹੀ ਨੌਜਵਾਨ ਸੀ। ਸੰਨ 1897 ਵਿੱਚ ਉਸ ਨੇ ਪਹਿਲੇ ਦਰਜੇ ਵਿੱਚ ਗ੍ਰੈਜੂਏਸ਼ਨ ਵਿੱਧ ਆਨਰਜ਼ ਕੀਤੀ।ਹੁਣ ਤੱਕ ਤਾਸਕੀ ਨੂੰ ਲੋਕਾਂ ਦਾ ਦੁੱਖ ਅਤੇ ਸਟੇਟ ਦਾ ਜਬਰ ਸਮਝ ਆਉਣ ਲਗ ਪਿਆ ਸੀ।ਜਥੇਬੰਦਕ ਹਰਕਤਾਂ ਕਾਰਨ ਉਸ ਨੂੰ ਸਾਥੀਆਂ ਸਮੇਤ ਜੇਲ੍ਹ ਭੇਜਿਆ ਗਿਆ।ਅਕਤੂਬਰ 1902 ਵਿੱਚ ਤਾਸਕੀ ਆਪਣੀ ਪਤਨੀ ਅਤੇ ਪੰਜ ਸਾਲ ਦੀ ਬੇਟੀ ਨਾਲ ਸਾਇਬੇਰੀਆ ਵਿੱਚ ਕੈਦ ਸੀ ਜਿੱਥੋਂ ਉਹ ਭੇਸ ਵਟਾ ਕੇ ਨਿਕਲ ਆਇਆ।ਇਸ ਸਮੇਂ ਉਸ ਦੀ ਮੁਲਾਕਾਤ ਲੈਨਿਨ ਨਾਲ ਹੋਈ। ਜਦੋਂ 1905 ਵਿੱਚ ਜ਼ਾਰ ਦੀਆਂ ਜ਼ਾਲਮਾਨਾਂ ਨੀਤੀਆਂ ਵਿਰੁੱਧ ਮਜ਼ਦੂਰਾਂ-ਕਿਸਾਨਾਂ ਨੇ ਬਹੁਤ ਵੱਡੀ ਹੜਤਾਲ ਕੀਤੀ ਤਾਂ ਤਾਸਕੀ ਨੇ ਜੋਸ਼ੀਲਾ ਲੰਬਾ ਭਾਸ਼ਣ ਕੀਤਾ। ਇਸ ਸਾਲ ਹੀ ਰੂਸ ਦਾ ਇਨਕਲਾਬ ਫ਼ੇਲ੍ਹ ਹੋਇਆ ਤਾਂ ਤਾਸਕੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਸ 'ਤੇ ਮੁਕੱਦਮਾ ਚੱਲਿਆ ਅਤੇ ਦੋਸ਼ੀ ਮੰਨ ਕੇ ਉਮਰ ਭਰ ਲਈ ਸਾਇਬੇਰੀਆ ਭੇਜਣ ਅਤੇ ਰੂਸੀ ਨਾਗਰਿਕ ਵਜੋਂ ਉਸ ਦੇ ਸਾਰੇ ਹੱਕ ਖੋਹਣ ਦਾ ਹੁਕਮ ਹੋਇਆ।23 ਸਤੰਬਰ 2017 ਨੂੰ ਤਾਸਕੀ ਨੂੰ ਪੀਤਰੋਗਰਾਦ ਸੋਵੀਅਤ ਦਾ ਪ੍ਰਧਾਨ ਚੁਣਿਆਂ ਗਿਆ।ਲੈਨਿਨ ਅਗਿਆਤਵਾਸ ਵਿੱਚ ਲੇਖ ਲਿਖਦਾ ਅਤੇ ਤਾਸਕੀ ਅਮਲ ਕਰਦਾ ਲੋਕਾਂ ਵਿੱਚ ਖਹਿੰਦਾ ਸੀ। ਇਸ ਸਾਲ ਹੀ 22 ਅਕਤੂਬਰ ਨੂੰ ਤਾਸਕੀ ਨੇ ਪੀਪਲਜ਼ ਹਾਊਸ ਸਾਹਮਣੇ ਇਤਿਹਾਸਕ ਭਾਸ਼ਣ ਦਿੱਤਾ ਜਿਸ ਨੂੰ ਸੁਣਦਿਆਂ ਲੋਕਾਂ ਨੇ ਬਗਾਵਤ ਦਾ ਐਲਾਨ ਕਰ ਦਿੱਤਾ।ਤਾਸਕੀ ਨੇ ਲਾਲ ਸੈਨਾ ਦੀ ਟੁਕੜੀ ਨਾਲ ਪੀਤਰੋਗਰਾਦ ਮਹਿਲ 'ਤੇ ਕਬਜ਼ਾ ਕਰ ਲਿਆ ਜਿਸ ਨਾਲ ਜ਼ਾਰ ਦੀ ਹਕੂਮਤ ਖਤਮ ਹੋ ਗਈ।



ਨਵੀਂ ਸੋਵੀਅਤ ਸਰਕਾਰ ਦਾ ਲੈਨਿਨ ਰਾਸ਼ਟਰਪਤੀ

ਅਤੇ ਤਾਸਕੀ ਵਿਦੇਸ਼ ਮੰਤਰੀ ਬਣਿਆਂ।ਪਹਿਲੀ ਸੰਸਾਰ ਜੰਗ ਦੇ ਖਾਤਮੇ ਸਮੇਂ ਜਰਮਨੀ ਨਾਲ ਸਮਝੌਤਾ ਕਰਨ ਦੇ ਮੁੱਦੇ 'ਤੇ ਲੈਨਿਨ ਨਾਲ ਮੱਤਭੇਦ ਹੋਣ 'ਤੇ ਤਾਸਕੀ ਨੇ ਵਿਦੇਸ਼ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਤਾਂ ਪਾਰਟੀ ਨੇ ਉਸ ਨੂੰ ਰੱਖਿਆ ਮੰਤਰੀ ਬਣਾ ਦਿੱਤਾ।ਢਾਈ ਸਾਲਾਂ ਵਿੱਚ ਉਸ ਨੇ ਰੂਸੀ ਫੌਜ਼ ਦੀ ਤਾਕਤ ਪੰਜ ਹਜ਼ਾਰ ਸਿਪਾਹੀਆਂ ਤੋਂ 50 ਲੱਖ ਪਹੁੰਚਾ ਦਿੱਤੀ।ਨਵੀਂ ਕਮਿਊਨਿਸਟ ਸਰਕਾਰ ਦੀਆਂ ਨੀਤੀਆਂ ਕਾਰਨ ਦੇਸ਼ ਦੀ ਹਾਲਤ ਬਹੁਤ ਪਤਲੀ ਹੋ ਗਈ ਅਤੇ ਬੜੇ ਵੱਡੇ ਪੱਧਰ 'ਤੇ ਭੁੱਖਮਰੀ ਫੈਲ ਗਈ।ਇਸ ਸਮੇ ਹੀ ਸਤਾਲਿਨ ਪਾਰਟੀ ਵਿੱਚ ਤਾਕਤਵਰ ਨੇਤਾ ਵਜੋ ਉੱਭਰਨ ਲੱਗਾ ਜਿਸ ਨੂੰ ਤਾਸਕੀ ਨੇ ਅਣਗੌਲਿਆ ਕਰ ਰੱਖਿਆ। ਸਤਾਲਿਨ ਪਾਰਟੀ ਦਾ ਜਨਰਲ ਸਕੱਤਰ ਬਣ ਗਿਆ।21 ਜਨਵਰੀ 1924 ਨੂੰ ਲੈਨਿਨ ਦੀ ਮੌਤ ਹੋ ਗਈ।ਸਤਾਲਿਨ ਨੇ ਪਾਰਟੀ ਵਿੱਚ ਆਪਣੇ ਵਿਰੋਧੀ ਮੁੱਖ ਨੇਤਾਵਾਂ ਨੂੰ ਕਤਲ ਕਰਵਾ ਦਿੱਤਾ। ਤਾਸਕੀ ਨੂੰ 18 ਜਨਵਰੀ 1929 ਨੂੰ ਪਾਰਟੀ ਵਿੱਚੋਂ ਬੇਦਖਲ ਕਰ ਦਿੱਤਾ ਗਿਆ। ਹੌਲੀ ਹੌਲੀ ਲੈਨਿਨ ਦੇ ਸਾਰੇ ਇਨਕਲਾਬੀ ਸਾਥੀ ਮਾਰ ਦਿੱਤੇ ਗਏ।10 ਫਰਵਰੀ 1929 ਨੂੰ ਤਾਸਕੀ ਨੂੰ ਜਲਾਵਤਨ ਕਰ ਦਿੱਤਾ ਗਿਆ।ਉਸ ਨੂੰ ਕੇਵਲ ਕਮਾਲ ਪਾਸ਼ਾ ਨੇ ਤੁਰਕੀ ਵਿੱਚ ਸਿਆਸੀ ਪਨਾਹ ਦਿੱਤੀ।

ਰੂਸ ਦੇ ਸਰਕਾਰੀ ਅਖ਼ਬਾਰਾਂ ਨੇ ਉਸ ਨੂੰ ਪੂੰਜੀਪਤੀਆਂ ਦਾ ਏਜੰਟ ਸਿੱਧ ਕਰਨ ਵਿੱਚ ਕੋਈ ਕਸਰ ਨਾ ਛੱਡੀ।ਉਸ ਨੇ ਆਪਣੀ ਸਵੈਜੀਵਨੀ ਵਿੱਚ ਲਿਖਿਆ, ' ਮੇਰੇ ਨਾਲ ਨਾ ਧੋਖਾ ਹੋਇਆ ਹੈ ਨਾ ਧੱਕਾ।.....ਮੇਰੇ ਪਿਆਰੇ ਦੇਸ, ਰੂਸ ਨਾਲ ਧੋਖਾ ਹੋ ਗਿਆ ਹੈ'। ਮਹਾਨ ਸਫ਼ਾਇਆ ਮੁਹਿੰਮ ਦੌਰਾਨ ਲੱਖਾਂ ਰੂਸੀ ਮਾਰੇ ਗਏ ਤੇ ਲੱਖਾਂ ਸਾਇਬੇਰੀਆ ਦੀ ਬਰਫ਼ ਵਿੱਚ ਗਲ਼ੇ। ਤਾਸਕੀ ਦੀ ਧੀ ਜ਼ੀਨਾ ਅਤੇ ਛੋਟਾ ਬੇਟਾ ਸਰਗੇਈ ਜੋ ਵਿਗਿਆਨੀ ਸੀ ਰੂਸ ਵਿੱਚ ਰਹੇ।ਸਰਗੇਈ ਨੂੰ ਰੂਸ ਵਿੱਚ ਇਹ ਬਿਆਨ ਦੇਣ ਲਈ ਤਸੀਹੇ ਦਿੱਤੇ ਗਏ ਕਿ ਉਸ ਦਾ ਪਿਤਾ ਤਾਸਕੀ ਹਿਟਲਰ ਨਾਲ ਮਿਲਿਆ ਹੋਇਆ ਹੈ। ਜਦੋਂ ਉਸ ਨੇ ਇਹ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ ਤਾਂ ਉਸ ਨੂੰ ਕਤਲ ਕਰ ਦਿੱਤਾ ਗਿਆ।

ਤਾਸਕੀ ਨੂੰ ਕੁੱਝ ਸ਼ਰਤਾਂ 'ਤੇ ਫਰਾਂਸ ਦਾ ਵੀਜ਼ਾ ਮਿਲ ਗਿਆ।ਇੱਥੇ ਉਸ ਨੇ ਰੂਸੀ ਇਨਕਲਾਬ ਦਾ ਇਤਿਹਾਸ ਲਿਖਿਆ।ਦੁਨੀਆ ਵਿੱਚ ਸ਼ਾਇਦ ਹੀ ਅਜਿਹਾ ਬੰਦਾ ਮਿਲੇ ਜਿਸ ਨੇ ਹਥਿਆਰਬੰਦ ਯੁੱਧ ਜਿੱਤ ਕੇ ਉਸ ਦਾ ਇਤਿਹਾਸ ਲਿਖਿਆ ਹੋਵੇ।ਮਾਰਕਸੀ ਸਕੂਲ ਆਫ਼ ਥ਼ਾਟ ਦੇ ਹੁਣ ਤੱਕ ਹੋਏ ਸਭ ਇਤਿਹਾਸਕਾਰਾਂ ਤੋਂ ਵੱਡਾ ਜੀਨੀਅਸ ਤਾਸਕੀ ਹੈ।ਰੂਸ ਦੀ ਕਮਿਊਨਿਸਟ ਸਰਕਾਰ ਨੇ ਉਸ ਦੀਆਂ ਪੁਸਤਕਾਂ ਨੂੰ ਪ੍ਰਕਾਸ਼ਿਤ ਕਰਨ ਤੇ ਪਾਬੰਦੀ ਲਗਾ ਦਿੱਤੀ। ਤਾਸਕੀ ਦੀਆਂ ਬਹੁਮੁੱਲੀਆਂ ਰਚਨਾਵਾਂ 1980 ਵਿੱਚ ਪ੍ਰਕਾਸ਼ਿਤ ਹੋਈਆਂ ਹਨ।ਨਾਰਵੇ ਵਿੱਚ ਲੇਬਰ ਪਾਰਟੀ ਦੀ ਸਰਕਾਰ ਬਣੀ ਤਾਂ ਤਾਸਕੀ ਨੂੰ ਉੱਥੇ ਪਨਾਹ ਮਿਲ ਗਈ । ਜਦੋਂ ਇਸ ਬਾਰੇ ਰੂਸ ਨੇ ਇਤਰਾਜ਼ ਪ੍ਰਗਟ ਕੀਤਾ ਤਾਂ ਉਸ ਨੂੰ ਇਹ ਦੇਸ ਛੱਡ ਕੇ ਮੈਕਸੀਕੋ ਜਾਣਾ ਪਿਆ।ਸਤਾਲਿਨ ਉਸ ਉਪਰ ਅਪਰਾਧੀ ਹੋਣ ਦੇ ਬੇਬੁਨਿਆਦ ਬਿਆਨ ਅਖ਼ਬਾਰਾਂ ਵਿੱਚ ਛਪਾ ਰਿਹਾ ਸੀ। ਤਾਸਕੀ ਨੇ ਲੀਗ ਆਫ਼ ਨੇਸ਼ਨਜ਼ ਨੂੰ ਅਪੀਲ ਕੀਤੀ ਕਿ ਸਟਾਲਿਨ ਦੇ ਸਿਆਸੀ ਆਤੰਕਵਾਦ ਬਾਬਤ ਕਮਿਸ਼ਨ ਬਿਠਾਇਆ ਜਾਵੇ ਤਾਂ ਜੋ ਰੂਸ ਵਿੱਚ ਜੋ ਹੋਇਆ ਹੈ ਉਸ ਦੀ ਹਕੀਕਤ ਸੰਸਾਰ ਨੂੰ ਪਤਾ ਲੱਗੇ। ਕੁੱਝ ਹਿਚਕਚਾਹਟ ਤੋਂ ਬਾਅਦ 1937 ਵਿੱਚ ਲੀਗ ਆਫ਼ ਨੇਸ਼ਨਜ਼ ਨੇ ਕਮਿਸ਼ਨ ਥਾਪ ਦਿੱਤਾ।ਰੂਸੀ ਸਰਕਾਰ ਅਤੇ ਕਮਿਊਨਿਸਟਾਂ ਨੇ ਇਸ ਦਾ ਬਾਈਕਾਟ ਕੀਤਾ।ਇਸ ਇਤਿਹਾਸਕ ਮੁਕੱਦਮੇ ਵਿੱਚ ਤਾਸਕੀ ਵਲੋਂ ਦਿੱਤੀਆਂ ਦਲੀਲਾਂ ਨੇ ਕਮਿਸ਼ਨ ਨੂੰ ਝੰਜੋੜ ਕੇ ਰੱਖ ਦਿੱਤਾ। ਮੁਕੱਦਮੇ ਦੇ ਅੰਤ ਵਿੱਚ ਇਸ ਦੇ ਚੇਅਰਮੈਨ ਜਾਨ ਡੇਵੀ ਨੇ ਕਿਹਾ, 'ਮੇਰਾ ਕਿਹਾ ਕੋਈ ਵੀ ਵਾਕ ਇਸ ਸਭ ਕੁੱਝ ਦੇ ਸਾਹਮਣੇ ਤੁੱਛ ਹੋਵੇਗਾ।...... ਮੈਂ ਆਪਣੇ ਸਾਹਮਣੇ ਸਾਖ਼ਿਆਤ ਸੱਚ ਖ਼ਲੋਤਾ ਦੇਖਿਆ।..ਅਜਿੱਤ ਅਮਰ ਸੱਚ'।

ਤਾਸਕੀ ਦਾ ਵੱਡਾ ਪੁੱਤਰ ਲੇਵਾ ਜਰਮਨੀ ਵਿੱਚ ਰਹਿੰਦਾ ਸੀ। ਲੋਵਾ ਬਿਮਾਰ ਹੋ ਗਿਆ ਤਾਂ ਉਸ ਨੂੰ ਉਸ ਦਾ ਸਭ ਤੋਂ ਭਰੋਸੇਯੋਗ ਮਿੱਤਰ ਐਂਟਿਨੀ ਇਲਾਜ ਲਈ ਫਰਾਂਸ ਦੇ ਇੱਕ ਛੋਟੇ ਜਿਹੇ ਹਸਪਤਾਲ ਵਿੱਚ ਲੈ ਗਿਆ ਜੋ ਰੂਸੀ ਡਾਕਟਰ ਦਾ ਸੀ। ਉੱਥੇ ਲੋਵਾ ਦਾ ਅਪੈਂਡੇਸਾਈਟਸ ਦਾ ਆਪਰੇਸ਼ਨ ਹੋਇਆ ਅਤੇ ਉਸ ਦੀ ਮੌਤ ਹੋ ਗਈ। ਅਸਲ ਵਿੱਚ ਐਂਟਿਨੀ ਰੂਸੀ ਖੁਫ਼ੀਆ ਏਜੈਂਸੀ ਦਾ ਬੰਦਾ ਸੀ ਜਿਸ ਨੇ ਲੋਵਾ ਦਾ ਹਸਪਤਾਲ ਵਿੱਚ ਕਤਲ ਕਰਵਾਇਆ। ਮੈਕਸੀਕੋ ਵਿੱਚ ਤਾਸਕੀ ਦੀ ਸੁਰੱਖਿਆ ਬਹੁਤ ਸਖ਼ਤ ਹੋਣ ਦੇ ਬਾਵਜ਼ੂਦ ਸਟਾਲਿਨ ਦੇ ਖੁਫ਼ੀਆ ਹਥਿਆਰਬੰਦ ਬੰਦਿਆਂ ਨੇ 23 ਮਈ 1940 ਨੂੰ ਉਸ 'ਤੇ ਜਾਨਲੇਵਾ ਹਮਲਾ ਕੀਤਾ ਪਰੰਤੂ ਉਹ ਬਚ ਗਿਆ। ਜੈਕਸਨ ਨਾਂ ਦਾ ਬੰਦਾ ਕਦੇ ਕਤਾਂਈਂ ਤਾਸਕੀ ਨੂੰ ਮਿਲਣ ਆਉਂਦਾ ਸੀ, ਉਹ ਸਵਾਲ ਪੁੱਛਦਾ ਅਤੇ ਆਪਣੀ ਲਿਖਤ ਸੋਧਣ ਦੀ ਬੇਨਤੀ ਕਰਦਾ। ਇਕ ਦਿਨ ਤਾਸਕੀ ਉਸ ਦੀ ਲਿਖਤ ਨੂੰ ਮੇਜ਼ 'ਤੇ ਰੱਖ ਕੇ ਪੜ੍ਹਨ ਲਈ ਝੁਕਿਆ ਹੀ ਸੀ ਕਿ ਮਹਿਮਾਨ ਨੇ ਪੂਰੀ ਤਾਕਤ ਨਾਲ ਤਾਸਕੀ ਦੇ ਸਿਰ 'ਤੇ ਬਰਫ਼ ਤੋੜਨ ਵਾਲੀ ਗੈਂਤੀ ਮਾਰ ਕੇ ਗੰਭੀਰ ਰੂਪ ਵਿੱਚ ਜ਼ਖ਼ਮੀ ਕਰ ਦਿੱਤਾ। ਉਸ ਦਾ ਉਪਰੇਸ਼ਨ ਕੀਤਾ ਗਿਆ ਪਰੰਤੂ 21 ਅਗਸਤ 1940 ਨੂੰ ਇਹ ਬੇਮਿਸਾਲ ਇਨਕਲਾਬੀ ਦੁਨੀਆਂ ਤੋਂ ਵਿਦਾ ਹੋ ਗਿਆ। ਇਹ ਕਾਤਲ ਰੂਸ ਦੀ ਖ਼ੁਫ਼ੀਆ ਕਮਾਂਡੋ ਫ਼ੋਰਸ ਦਾ ਬੰਦਾ ਸੀ। ਉਹ ਵੀਹ ਸਾਲ ਮੈਕਸੀਕੋ ਦੀ ਕੈਦ ਵਿੱਚ ਰਿਹਾ ਅਤੇ ਇਸ ਦੌਰਾਨ ਸਤਾਲਿਨ ਨੇ ਉਸ ਨੂੰ 'ਆਰਡਰ ਆਫ਼ ਲੈਨਿਨ' ਖਿਤਾਬ ਨਾਲ ਸਨਮਾਨਿਤ ਕੀਤਾ।ਤਾਸਕੀ ਦੀ ਪਤਨੀ ਨਤਾਲੀਆ ਅਗਲੇ ਵੀਹ ਸਾਲ ਤੱਕ ਜਿਊਂਦੀ ਰਹੀ।

ਪ੍ਰੋ. ਹਰਪਾਲ ਸਿੰਘ ਪੰਨੂੰ ਦਾ ਵਿਚਾਰ ਹੈ, 'ਤਾਸਕੀ ਨਿਪੁੰਨ ਨਾਇਕ ਸੀ ਜੋ ਆਪਣੀ ਕੌਮ ਨੂੰ ਸਿਖਰ ਉੱਪਰ ਅਨੰਤ ਸ਼ਾਨਾਂ ਦੇ ਕਿਨਾਰੇ ਪੁਚਾ ਗਿਆ।



ਕਹਾਣੀ

## ਅਸਲ ਆਜ਼ਾਦੀ

ਡਾ. ਗੁਰਚਰਨ ਸਿੰਘ ਸਾਕੀ

" ਕਿਉਂ ਬਈ ,ਹੋ ਆਇਆਂ ਸ਼ਹਿਰੋਂ? ਬਣ ਗਿਆ ਕੰਮ?" ਮੈਂ ਕਰਮ ਨੂੰ ਪੁੱਛਿਆ।

" ਕਿੱਥੇ ! ...ਰੱਬ-ਰੱਬ ਕਰ!!....ਕੋਈ ਬਾਬੂ ਭਲਾਂ ਕੁਰਸੀ 'ਤੇ ਬੈਠੇ ਤਾਂ....." ਉਹਨੇ ਰਤਾ ਤਪ ਕੇ ਉੱਤਰ ਦਿੱਤਾ।

" ਕਿਉਂ ? ਕੀ ਗੱਲ ਹੋ ਗਈ ?" ਗੱਲ ਦੀ ਥਾਹ ਪਾਉਣ ਲਈ ਮੈਂ ਪੁੱਛਿਆ।

" ਭਰਾਵਾ! ਅਜ਼ਾਦੀ ਸਹੁਰੀ ਕੀ ਆਈ, ਹਰ ਕੋਈ ਰੱਸੇ ਈ ਤੁੜਾਈ ਫਿਰਦਾ ਏ"। ਉਹ ਨੇ ਅਸਲੀਅਤ ਵੱਲ ਪੈਰ ਪੁੱਟਿਆ।

" ਪਰ ਹੋਇਆ ਕੀ ਏ?" ਮੈਂ ਉਹ ਦੇ ਧੁਖਦੇ ਹਿਰਦੇ ਨੂੰ ਫਰੋਲਣਾ ਚਾਹਿਆ।

" ਹੋਣਾ ਕੀ ਏ! ਅਜ਼ਾਦੀ ਤਾਂ ਅਸਲੋਂ ਆਈ ਹੀ ਹਿਦੋਸਤਾਨ ਨੂੰ ਏ। ਚੀਨ, ਜਪਾਨ, ਅਮਰੀਕਾ, ਇੰਗਲੈਂਡ, ਰੂਸ ਆਦਿ ਕੋਈ ਆਜ਼ਾਦ ਥ੍ਹੋੜੇ ਹੋਏ ਨੇ, ਜਿੱਥੇ ਦਿਨ- ਰਾਤ ਦਫਤਰਾਂ- ਫੈਕਟਰੀਆਂ ਆਦਿਕ ਵਿੱਚ ਲੋਕੀਂ ਸਮੇਂ ਦੀ ਪਾਬੰਦੀ ਵਾਲੀ ਲਗਾਮ ਵਿੱਚ ਸਦਾ ਕੜੇ ਹੀ ਰਹਿੰਦੇ ਨੇ ਤੇ ਪਸ਼ੂਆਂ ਵਾਂਗਰ ਜਾਨ- ਮਾਰੀ ਕਰਦੇ ਨੇ!!"

" ਹਿੰਦੋਸਤਾਨ ਵੀ ਤਾਂ ਚੰਗਾ-ਭਲਾ ਪਿਛਲੇ ਚਾਲੀ-ਪੰਤਾਲੀ ਵਰ੍ਹਿਆਂ ਤੋਂ ਸੁੱਖ ਨਾਲ ਅਜ਼ਾਦ ਏ! ਆਪਣੀ ਸਰਕਾਰ ਏ, ਆਪਣਾ ਦੇਸ ਏ, ਆਪਣੇ ਲੋਕ ਨੇ!!... ਇਹ ਨੂੰ ਕੀ ਹੋ ਗਿਆ?"...ਅਚੰਭੇ ਜਿਹੇ ਨੇ ਮੇਰੇ ਮੂੰਹੋਂ ਇਹ ਸ਼ਬਦ ਕਢਵਾ ਦਿੱਤੇ।

" ਨਹੀਂ-ਨਹੀਂ ! ਆਹ ਵੀ ਕੋਈ ਆਜ਼ਾਦੀ ਹੈ ਜਿਹੜੀ ਅਸੀਂ ਅਪਣੇ ਪ੍ਰਾਈਵੇਟ ਦਫਤਰਾਂ, ਫੈਕਟਰੀਆਂ ਤੇ ਮਿੱਲਾਂ ਤੋਂ ਬਾਹਰ ਦੇਖਦੇ ਹਾਂ!.....ਆਜ਼ਾਦੀ ਦਾ ਨਜ਼ਾਰਾ ਦੇਖਣਾ ਏ ਤਾਂ ਸਰਕਾਰੀ ਦਫਤਰਾਂ ਤੇ ਸਰਕਾਰੀ ਫੈਕਟਰੀਆਂ ਵਿੱਚ ਚੱਲ ਕੇ ਵੇਖੋ....!!"

" ਕਿਉਂ ? ਓਥੇ ਕੀ ਭੈੜ ਵਰਤ ਗਿਆ ? ਏਨੀ ਉਨਤੀ ਕਰ ਰਿਹਾ ਦੇਸ਼, ਆਪਣੀ ਸਰਕਾਰ ਦੀ ਦੇਖ-ਰੇਖ ਵਿੱਚ!...."

" ਹਾਂ-ਹਾਂ ਸਾਡੀ ਆਪਣੀ ਸਰਕਾਰ ਦੀ ਛਤਰ-ਛਾਇਆ ਹੇਠ ਈ ਤਾਂ ' ਆਜ਼ਾਦੀ' ਆਈ ਐ! ਸਰਕਾਰ ਦੀ ਸਾਰੀ ਮਸ਼ੀਨਰੀ ਖੁਲ੍ਹੀ ਫਿਰਦੀ ਐ, ਪੂਰੀ 'ਆਜ਼ਾਦੀ' ਨਾਲ!! ਵਿਦੇਸ਼ੀ ਮੁਲਕਾਂ ਦੇ ਸ਼ਹਿਰੀਆਂ ਵਾਂਗ ਇੱਥੇ ਜਾਨ-ਮਾਰੀ ਤਾਂ ਨਹੀਂ ਕਰਨੀ ਪੈਂਦੀ! ਭਲਾ ਹੋਵੇ ਸਾਡੀ ਆਪਣੀ ਸਰਕਾਰ ਦਾ ਜਿਹਨੇ ਕ੍ਰਿਕਟ ਵਾਲੀ ਇੰਮਪੋਟਡ ਚੂਸਣੀ ਸਾਡੇ ਨਵੇਂ-ਨਵੇਂ ਆਜ਼ਾਦ ਹੋਏ ਲੋਕਾਂ ਨੂੰ ਲੈ ਦਿੱਤੀ ਹੈ!! ਰੇਡੀਓ-ਟੀ ਵੀ 'ਤੇ ਕ੍ਰਿਕਟ ਕੁਮੈਂਟਰੀ ਆ ਰਹੀ ਹੋਵੇ ਤਾਂ ਬੱਸ ਫੇਰ ਹੋਰ ਕਿਸੇ ਕੰਮ-ਕਾਰ ਦੀ ਲੋੜ ਵੀ ਨਹੀਂ ਸਾਨੂੰ ਰਹਿੰਦੀ! ਬੱਸ, ਐਸ਼ੋ-ਐਸ਼...!!"

" ਪਰ ਤੂੰ ਅੱਜ ਏਨਾ ਲਾਵਾ ਕਿਉਂ ਉਗਲ ਰਿਹੈਂ ?...."

" ਓਏ ਭਰਾਵਾ, ਮੈਂ ਘਰ ਦੇ ਐਡੇ ਜ਼ਰੂਰੀ ਕੰਮ ਛੱਡ ਕੇ ਸ਼ਹਿਰ, ਦੋ-ਤਿੰਨ ਦਫਤਰੀਂ ਕੰਮ ਗਿਆ ਸੀ। ਜਿਸ ਦਫਤਰ ਜਾਵਾਂ, ਕਮਰੇ ਖਾਲਮ-ਖਾਲੀ! ਜੇ ਪੁੱਛੋ, ਬਾਊ ਜੀ ਕਿੱਥੇ ਨੇ ? ਤਾਂ ਘੜਿਆ-ਘੜਾਇਆ ਉੱਤਰ ਮਿਲਦਾ...' ਬੱਸ, ਆਹ ਹੁਣੇ, ਐਥੇ ਹੀ ਸਨ! ਬਾਹਰ ਨੀਂ ਖੜ੍ਹੇ ? ਕਿਤੇ ਚਾਹ-ਚੂਹ ਪੀਣ ਗਏ ਹੋਣੇ ਐਂ!!.... ਤੇ ਜਾਂ ਕਹਿਣਗੇ-' ਸ੍ਹਾਅਬ ਨੇ ਬੁਲਾਏ ਹੋਣੇ ਐਂ!...."

" ਪਰ ਤੂੰ ਬਹਿ ਕੇ ਉਡੀਕ ਲੈਂਦਾ। ਬੰਦੇ ਨੇ ਆਖਰ , ਪਸ਼ੂ ਤਾਂ ਨੀਂ ਜੋ ਰੱਸਾ ਤੁੜਾ ਜਾਣ!!" ਮੈਂ ਬੋਲ ਗਿਆ।

" ਰੱਸੇ ਤਾਂ ਵੀਰ ਇਨ੍ਹਾਂ ਨੂੰ ਪਏ ਈ ਨੀ! ਨਾਲੇ ਜੰਮਿਆ ਵੀ ਕੌਣ ਐਂ ਇਨ੍ਹਾਂ ਨੂੰ ਰੱਸੇ ਪਾਉਣ ਆਲ਼ਾ...?"

" ਹਾਂ, ਉਹ ਚਾਹ ਵਾਲੀ ਗੱਲ ਤਾਂ ਤੇਰੀ ਸੋਲਾਂ ਆਨੇ ਸੱਚ ਐ...! ਭਾਰਤ ਵਿੱਚ ਹਰ ਸਮਾਂ ' ਚਾਹ ਦਾ ਸਮਾਂ ਹੁੰਦਾ ਹੈ!!..ਮੈਂ ਤਸਲੀਮ ਕਰ ਗਿਆ।"...ਤੇ ਬੱਸ, ਏਹੋ ਈ ਤਾਂ ਅਸਲ ਆਜ਼ਾਦੀ ਐ! .. ਹੋਰ ਆਜ਼ਾਦੀ ਕੀ ਹੁੰਦੀ ਐ ?... ਸੀਟ 'ਤੇ ਬਹਿਣਾ ਨੀ..! ਤਨੌੜ ਕਿਸੇ ਦੀ ਝਲਣੀ ਨੀ..ਲੇਟ ਆਉ ਤੇ ਛੇਤੀਂ ਛੁੱਟੀ ਕਰ ਜਾਉ...ਤੇ ਦਿਨ ਭਰ ਅੱਠੋ-ਅੱਠ ਮਾਰੋ..!!"

❊ ❊ ❊ ❊ ❊

## ਵਿਦੇਸ਼ਾਂ ਵਿੱਚ ਪੰਜਾਬੀਆਂ ਦੀ ਬੱਲੇ ਬੱਲੇ

- ਪੰਜਾਬਣ ਪ੍ਰੀਤ ਡਡਵਾਲ ਅਮਰੀਕਾ ਦੇ ਸੂਬੇ ਕੈਲੀਫੋਰਨੀਆਂ ਦੇ ਯੂਬਾ ਸਿਟੀ ਸ਼ਹਿਰ ਦੀ ਮੇਅਰ ਚੁਣੀ ਗਈ ਹੈ। ਉਹ ਅਮਰੀਕਾ ਵਿੱਚ ਇਸ ਅਹੁਦੇ 'ਤੇ ਪਹੁੰਚਣ ਵਾਲੀ ਪਹਿਲੀ ਸਿੱਖ ਔਰਤ ਬਣ ਗਈ ਹੈ। ਸਮੂਹ ਪੰਜਾਬੀ ਪ੍ਰੀਤ ਡਡਵਾਲ ਦੀ ਇਸ ਮਾਣਮੱਤੀ ਪ੍ਰਾਪਤੀ 'ਤੇ ਮਾਣ ਮਹਿਸੂਸ ਕਰਦੇ ਹਨ।
- ਸਿੱਖ ਪੰਜਾਬੀ ਰਵਿੰਦਰ ਭੱਲਾ ਅਮਰੀਕਾ ਵਿੱਚ ਨਿਊ ਜਰਸੀ ਦੇ ਸ਼ਹਿਰ ਹੋਬੋਕੇਨ ਦੇ ਮੇਅਰ ਚੁਣੇ ਗਏ ਹਨ।ਉਹ ਇਸ ਦੇਸ਼ ਦੇ ਪਹਿਲੇ ਸਿੱਖ ਮੇਅਰ ਹਨ ਜਿਨ੍ਹਾਂ 'ਤੇ ਸਾਰੇ ਪੰਜਾਬੀਆਂ ਨੂੰ ਮਾਣ ਹੈ।
- ਅਮਰੀਕਾ ਦੀ ਸਰਕਾਰ ਨੇ ਪਗੜੀਧਾਰੀ ਪੰਜਾਬੀ ਸਿੱਖ ਸ.ਗੁਰਬੀਰ ਸਿੰਘ ਗਰੇਵਾਲ ਨੂੰ ਨਿਉਜਰਸੀ ਸਟੇਟ ਦਾ ਅਟਾਰਨੀ ਜਨਰਲ ਨਿਯੁਕਤ ਕੀਤਾ ਹੈ। ਇਸ ਨਾਲ ਸਾਰੇ ਪੰਜਾਬੀਆਂ ਨੂੰ ਬਹੁਤ ਖੁਸ਼ੀ ਮਹਿਸੂਸ ਹੋਈ ਹੈ। ਇਸ ਰੁਤਬੇ 'ਤੇ ਪਹੁੰਚਣ ਵਾਲਾ ਉਹ ਪਹਿਲਾ ਸਿੱਖ ਹੈ।






ਜਿਨ੍ਹਾਂ ਦੁਨੀਆਂ ਬਦਲ ਦਿੱਤੀ

# ਸਾਲ 2017 ਦੇ ਨੋਬਲ ਇਨਾਮ ਜੇਤੂ


ਰਾਜਵਿੰਦਰ ਸਿੰਘ
ਰੈਡਿੰਗ (ਯੂ.ਕੇ.)

**ਵਿਸ਼ਵ ਪੱਧਰੀ ਇਹ ਇਨਾਮ ਸਵੀਡਨ ਦੇ ਵਿਗਿਆਨੀ ਐਲਫਰਡ ਨੋਬਲ ਦੀ ਮੌਤ ਤੋਂ ਬਾਅਦ ਉਸ ਦੀ ਧਨ ਸੰਪਤੀ ਨਾਲ 1901 ਵਿੱਚ ਆਰੰਭ ਕੀਤੇ ਗਏ ਸਨ। ਇਹ ਇਨਾਮ ਭੌਤਿਕ ਵਿਗਿਆਨ, ਰਸਾਇਣ ਵਿਗਿਆਨ, ਸਰੀਰ ਵਿਗਿਆਨ (ਮੈਡੀਸਨ), ਸਾਹਿਤ, ਵਿਸ਼ਵ ਸ਼ਾਂਤੀ ਅਤੇ ਅਰਥਸ਼ਾਸਤਰ ਦੇ ਖੇਤਰਾਂ ਵਿੱਚ ਵਰਣਨਯੋਗ ਖੋਜਾਂ ਅਤੇ ਕਾਰਜ ਕਰਨ ਲਈ ਦਿੱਤੇ ਜਾਂਦੇ ਹਨ।ਹੁਣ ਹਰ ਇਨਾਮ ਵਿੱਚ 9 ਮਿਲੀਅਨ ਸਵੀਡਿਸ਼ ਕਰੋਨਰ( 72 ਕਰੋੜ ਰੁਪਏ), ਡਿਪਲੋਮਾ ਅਤੇ ਗੋਲਡ ਮੈਡਲ ਦਿੱਤਾ ਜਾਂਦਾ ਹੈ। ਇਹ ਇਨਾਮ 10 ਦਸੰਬਰ** (ਐਲਫਰਡ ਨੋਬਲ ਦਾ ਅਕਾਲ ਚਲਾਣਾ ਦਿਨ) 2017 ਨੂੰ ਸਾਲਾਨਾ ਇਨਾਮ ਵੰਡ ਸਮਾਰੋਹ ਵਿੱਚ ਪ੍ਰਦਾਨ ਕੀਤੇ ਗਏ ਹਨ।






**ਭੌਤਿਕ ਵਿਗਿਆਨ**-ਇਹ ਇਨਾਮ ਅਮਰੀਕਾ ਦੇ ਤਾਰਾ ਵਿਗਿਆਨੀਆਂ- ਬੈਰੀ ਬੈਰਿਸ਼, ਕਿਪਸ ਥੋਰਨ ਅਤੇ ਰੇਨਰ ਵੈੱਸ ਨੂੰ ਲਿਗੋ ਡਿਟੈਕਟਰ ਅਤੇ ਗੁਰੁਤਾ ਕਿਰਨਾਂ ਦੀ ਖੋਜ ਲਈ ਦਿੱਤਾ ਗਿਆ ਹੈ। ਇਨਾਮ ਦੀ ਰਾਸ਼ੀ ਦਾ ਅੱਧਾ ਹਿੱਸਾ ਰੇਨਰ ਵਿਸ਼ ਨੂੰ ਅਤੇ ਬਾਕੀ ਦਾ ਅੱਧਾ ਦੂਜੇ ਦੋ ਜੇਤੂਆਂ ਵਿੱਚ ਵੰਡਿਆ ਗਿਆ ਹੈ।ਮਹਾਨ ਵਿਗਿਆਨੀ ਐਲਬਰਟ ਆਈਂਸਟਾਈਨ ਨੇ ਆਪਣੇ ਸਾਪੇਖਿਕਤਾ ਦੇ ਸਿਧਾਂਤ ਵਿੱਚ ਇਨ੍ਹਾਂ ਕਿਰਨਾਂ ਦੀ ਪੇਸ਼ੀਨਗੋਈ ਕੀਤੀ ਸੀ ਜਿਨ੍ਹਾਂ ਦਾ ਪਤਾ 2015 ਵਿੱਚ ਲਗਾਇਆ ਗਿਆ ਸੀ। ਇਹ ਖੋਜ ਪੁਲਾੜ ਦੇ ਦੂਰ-ਦੁਰਾਡੇ ਬ੍ਰਹਿਮੰਡੀ ਪਿੰਡਾਂ ਦਾ ਥਹੁ-ਪਤਾ ਜਾਨਣ ਵਿੱਚ ਸਹਾਈ ਹੋਵੇਗੀ।





**ਰਸਾਇਣ ਵਿਗਿਆਨ**- ਇਹ ਇਨਾਮ ਘੋਲਾਂ ਵਿੱਚ ਬਾਇਓਮਾਲੀਕਿਊਲਜ਼ ਦੀ ਬਣਤਰ ਦੀ ਜਾਣਕਾਰੀ ਲੈਣ ਲਈ ਵਰਤੀ ਜਾਂਦੀ 'ਕ੍ਰਾਇਓਇਲੈਕਟ੍ਰਾਨ ਮਾਈਕ੍ਰੋਸਕੋਪੀ' ਤਕਨੀਕ ਦੀ ਖੋਜ ਲਈ ਤਿੰਨ ਵਿਗਿਆਨੀਆਂ- ਜੈਕੁਇਸ ਡੁਬੋਚੈਟ, ਜੋਆਚਿਮ ਫਰੈਂਕ ਅਤੇ ਰਿਚਰਡ ਹੈਂਡਰਸਨ ਨੂੰ ਦਿੱਤਾ ਗਿਆ ਹੈ। ਇਨਾਮ ਦੀ ਰਾਸ਼ੀ ਤਿੰਨਾਂ ਵਿੱਚ ਬਰਾਬਰ ਬਰਾਬਰ ਵੰਡੀ ਗਈ ਹੈ। **ਇਸ ਖੋਜ ਨਾਲ ਜ਼ੀਕਾ ਵਾਇਰਸ ਅਤੇ** ਐਲਜਾਈਮਰ ਦੇ ਐਨਜ਼ਾਈਮ ਦੀ ਜਾਣਕਾਰੀ ਪ੍ਰਾਪਤ ਕੀਤੀ ਜਾ ਸਕੇਗੀ।


**ਸਰੀਰ ਵਿਗਿਆਨ/ਮੈਡੀਸਿਨ** - ਇਹ ਇਨਾਮ ਤਿੰਨ ਅਮਰੀਕੀ ਵਿਗਿਆਨੀਆਂ ਨੂੰ ਜੀਵਾਂ ਵਿਚਲੀ 'ਕੁਦਰਤੀ ਘੜੀ' ਨੂੰ ਚਲਾਉਣ ਵਾਲੇ ਜੀਨਾਂ ਦਾ ਪਤਾ ਲਗਾਉਣ ਲਈ ਦਿੱਤਾ ਗਿਆ ਹੈ। ਇਸ ਘੜੀ ਦੇ ਆਧਾਰ 'ਤੇ ਜੀਵ ਸੌਂਦੇ ਤੇ ਜਾਗਦੇ ਹਨ। ਇਹ ਜੀਨਜ਼ ਜੀਵਾਂ ਦੀਆਂ ਖਾਣ ਦੀਆਂ ਆਦਤਾਂ, ਹਾਰਮੋਨਜ਼ ਅਤੇ ਸਰੀਰਕ ਤਾਪਮਾਨ ਨੂੰ ਵੀ ਨਿਰਧਾਰਤ ਕਰਦੇ ਹਨ।ਇਹ ਵਿਗਿਆਨੀ ਹਨ- **ਜੈਫਰੀ.ਸੀ.ਹਾਲ, ਮਾਈਕਲ ਰੋਸਬੈਸ਼ ਅਤੇ** ਮਾਈਕਲ ਡਬਲਿਊ ਯੰਗ ਹਨ।ਇਨਾਮ ਦੀ **ਰਾਸ਼ੀ ਤਿੰਨਾਂ ਵਿਗਿਆਨੀਆਂ ਨੂੰ ਬਰਾਬਰ** ਬਰਾਬਰ ਮਿਲੀ ਹੈ।



**ਸਾਹਿਤ**- ਇਹ ਪੁਰਸਕਾਰ ਬ੍ਰਿਟਿਸ਼ ਲੇਖਕ ਕਾਜ਼ੂਓ ਇਸ਼ੀਗੁਰੋ ਨੂੰ ਨਾਵਲ," ਦ ਰਿਮੇਨਜ਼ ਆਫ਼ ਦ ਡੇਅ" ਲਿਖਣ ਲਈ ਗਿਆ ਹੈ।ਜਾਪਾਨ ਵਿੱਚ ਜਨਮੇ ਇਸ ਪ੍ਰਤਿਭਾਸ਼ਾਲੀ ਲੇਖਕ ਨੇ ਇਸ ਨਾਵਲ ਵਿੱਚ ਜ਼ੋਰਦਾਰ ਢੰਗ ਨਾਲ ਦੁਨੀਆਂ ਦੀ ਮੋਹ-ਮਾਇਆ ਦੀ ਭਾਵਨਾ ਨਾਲ ਜੁੜੇ ਰਸਾਤਲ ਨੂੰ ਉਜਾਗਰ ਕੀਤਾ ਹੈ।ਇਸ ਪੁਸਤਕ ਨੂੰ ਬੁੱਕਰ ਪੁਰਸਕਾਰ ਵੀ ਮਿਲਿਆ ਹੋਇਆ ਹੈ।



**ਅਰਥਸ਼ਾਸਤਰ**- ਇਹ ਇਨਾਮ ਅਮਰੀਕਾ ਦੇ ਅਰਥਸ਼ਾਸਤਰੀ ਰਿਚਰਡ ਥੇਲਰ ਨੂੰ ਦਿੱਤਾ ਗਿਆ ਹੈ ਜੋ **ਸ਼ਿਕਾਗੋ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਹੈ।** ਉਸ ਆਪਣੀ ਖੋਜ ਵਿੱਚ ਦੱਸਿਆ ਹੈ ਕਿ ਕਿਵੇਂ ਮਨੁੱਖੀ ਲੱਛਣ ਨਿਜੀ ਫ਼ੈਸਲਿਆਂ ਦੇ ਨਾਲ ਨਾਲ ਬਾਜ਼ਾਰ ਦੇ ਨਤੀਜਿਆਂ ਨੂੰ ਪ੍ਰਭਾਵਿਤ ਕਰਦੇ ਹਨ। ਉਸ ਨੇ ਪਤਾ ਲਗਾਇਆ ਹੈ ਕਿ ਆਰਥਿਕ ਫ਼ੈਸਲੇ ਲੈਣ ਸਮੇਂ ਲੋਕ ਕੀ ਸੋਚਦੇ ਹਨ ਅਤੇ ਕਿਵੇਂ ਅਮਲ ਕਰਦੇ ਹਨ।

**ਵਿਸ਼ਵ ਸ਼ਾਂਤੀ** -ਇਹ ਇਨਾਮ ਜਨੇਵਾ ਸਥਿਤ ਪਰਮਾਣੂ ਹਥਿਆਰਾਂ ਦੇ ਖਾਤਮੇ ਲਈ ਕਾਰਜਸ਼ੀਲ ਸੰਸਥਾ' ਇੰਟਰਨੈਸ਼ਨਲ ਕਮਪੇਅਨ ਟੂ ਅਬੋਲਿਸ਼ ਨਿਊਕਲੀਅਰ ਵੈਪਨਜ਼ ਆਈਕੈਨ' ਨਾਮ ਦੀ ਸੰਸਥਾ ਨੂੰ ਦਿੱਤਾ ਗਿਆ ਹੈ।ਇਹ ਸੰਸਥਾ ਪਰਮਾਣੂ ਹਥਿਆਰਾਂ ਦੇ ਵਿਰੋਧ, ਇਨ੍ਹਾਂ 'ਤੇ ਰੋਕ ਅਤੇ ਖਾਤਮੇ ਦੀਆਂ ਆਪਣੀਆਂ ਕੋਸ਼ਿਸ਼ਾਂ ਵਿੱਚ ਦੁਨੀਆਂ ਭਰ ਦੇ ਮੁਲਕਾਂ ਨੂੰ ਮਨਾਉਣ ਵਾਸਤੇ ਇੱਕ ਵੱਡੀ ਤਾਕਤ ਵਜੋਂ ਕੰਮ ਕਰ ਰਹੀ ਹੈ।



## L.R. Mundra Memorial Scholarship

Balbir Singh Saini
Gen. Secy.

L. R. Mundra Scholarship was instituted by Sh. Lekh Raj Mundra, a philanthropist and an enlightened soul. **After his demise on 5th June, 2017, the scholarship has been rechristened- L. R. Mundra Memorial Scholarship.** During 2nd World War, he joined the Royal Indian A.S.C. as Viceroy's Commissioned Officer and served in the Middle East. After his release from Army, he joined the Delhi Police as Sub-Inspector and served in various capacities during his service career. He served in the Indian Army & Delhi Police with distinction. He retired in the rank of A.C.P. from Delhi Police and settled down in his village Haveli Kalan (Rupnagar) so as to remain connected with his roots.

Late Sh. L. R. Mundra was an active and dynamic social worker. He, along with his dedicated team, established three important institutes, *viz.*, Saini Bhavan Ropar for the welfare of Bradri, Saini Charitable Education Trust (Regd.) Ropar to help the needy & brilliant students by providing them with scholarships and an Old Age Home (Apna Ghar), by donating his own property, to provide shelter to the elderly, abandoned by their own kith & kin. At the same time, he remained associated with other organisations/institutes, such as- Rotary Club, Senior Citizen's Council and a number of religious institutes for which he donated liberally.

Sh. L. R. Mundra Donated Rs. Seventy lakh (Rs.7000000/-) to institute a scholarship for higher studies in his name. The amount so donated formed a corpus and was put in a Bank in the form of a 'Term Deposit'. The interest accruing from the stated corpus is used to fund the scholarship after meeting sundry expenses. The scholarship is managed and run by Saini Charitable Education Trust (Regd.) Ropar.

The primary purpose of the programme is to promote higher education by providing scholarship to qualified scholars/students, that after the completion of higher education, they may serve the society in a more valuable way.

Students/Scholars fulfilling the undermentioned criteria are eligible for the aforesaid scholarship:

-- Any individual from **Saini Bradri** and a domicile of Punjab, Haryana, Himachal Pradesh, Delhi and Chandigarh.

-- Graduates from a recognised University pursuing higher studies, with a consistently good academic record.

- Scholars pursuing higher studies such as full-fledged Master' or Ph.D. in prestigious institutes in the field of science, technology, commerce, management and Mass Media will be preferred.
- Academicians & other mid-career professionals up to the age of 35 years with experience in their fields, who wish to pursue higher education.
- Candidates applying for the scholarship should already have applied for the admission to the University/Institution they plan to join.
- Students awaiting admission to the selected course can also apply for the scholarship, the final award of which is subject to their securing admission in the educational institute.

The application for the scholarship is to be made on a prescribed form available at the Trust office or on the Trust website. The prescribed form can be obtained either personally or on payment of an application fee of Rs.100 - by cash or by sending a request by 'Money Order' or 'Demand Draft' in favour of “Saini Charitable Education Trust (Regd.) Ropar” mentioning the applicant's name, contact number and address to enable the Trust to post the form/application.

Amount of scholarship is approximately Rs.25000/- per month or above subject to the expenditure incurred by the student at the educational institute.

**Selection Committee** panel consists of five members— 3 ex-officio members, *viz.*, the Nominee of the Patron, the President and the General Secretary of the Trust, and two more members are inducted for one academic year with the aid & advice of 3 ex-officio members. Selection Committee is fully empowered to select the student applicant and the decision of the Committee will be final, and it can not be challenged in any court of Law.

**L. R. Mundra Scholarship Awardee for the academic year (2016-17):** Dr. Parminder Singh s/o the late Sh. Ajaib Singh, r/o #1044/ W.No.7, Garhshankar (Hoshiarpur), pursuing 3 years course of M.D. (Medicine) at Dayanand Medical College & Hospital Ludhiana, was awarded the subject scholarship

**L. R. Mundra Memorial Scholarship Awardee for the academic year (2017-18)**: Nine students pursuing higher education in different Universities /Institutions—one scholar each from I.I.M. Ahmedabad, I.I.M. Tiruchirapalli, I.I.T. Mandi (H.P.), I.I.T. Delhi, I.I.T. Roorkee, N.I.T. Hamirpur (H.P.), Sam Higginbottom University Allahabad, and two students from Punjabi University applied for the aforesaid scholarship. Three ex-officio members of Selection Committee, after consultation among themselves, inducted Dr. Malkiat Singh D.Sc., Retd. Dean Punjabi University Patiala and Dr. Mukesh Saini Ph.D., Asst. Professor at I.I.T. Rupnagar to complete the Selection Committee panel. The Committee members scrutinised each & every application in the light of the guidelines contained in the M.O.U. issued by the Donor. The Members unanimously decided to award the scholarship amount to Sh. Sukhpal Singh s/o S.Inderjit Singh, r/o of vill. Khanpur, P.O. Hafizabad, Tehsil Chamkaur Sahib, pursuing Post Graduate programme in Management at I.I.M. Ahmedabad. Scholarship amount cheque of Rs.3 lakh (Rs.300000/-) was presented to Sh. Sukhpal Singh by Sh. K.P.S. Rana, Hon. Speaker of Punjab Vidhan Sabha on 20-12-2017.

## ਨਵੇਂ ਸਾਲ 2018 ਦੀ ਵਧਾਈ

ਇੰਜ. ਜਸਵੰਤ ਸਿੰਘ,ਜਲੰਧਰ

ਨਵ-ਵਰਸ਼ 2018 ਦਾ ਸਾਰੀ ਮਾਨਵਤਾ ਵਲੋਂ ਨਿੱਘਾ ਸਵਾਗਤ ਹੈ।ਪਰਮਾਤਮਾ ਅੱਗੇ ਅਰਦਾਸ ਹੈ ਕਿ ਸਾਰੀ ਮਾਨਵਤਾ ਵੱਖ ਵੱਖ ਧਰਮਾਂ ਦੀ ਸੋਚ ਤੋਂ ਉੱਪਰ ਉੱਠ ਕੇ ਇੱਕ ਸੱਚੇ ਇਨਸਾਨੀ ਭਾਈਚਾਰੇ ਨਾਲ ਜੁੜ ਜਾਵੇ। ਇਨਸਾਨੀ ਭਾਈਚਾਰੇ ਦੀਆਂ ਕਦਰਾਂ-ਕੀਮਤਾਂ ਨੂੰ ਪ੍ਰਫੁੱਲਤ ਕਰਨ ਲਈ ਜ਼ਰੂਰੀ ਹੈ ਕਿ ਸਾਰੀ ਮਾਨਵਤਾ ਉਸ ਸਿਰਜਣਹਾਰ ਪਿਤਾ ਪਰਮਾਤਮਾ ਦੀ ਸਿਫ਼ਤ- ਸਾਲਾਹ ਵਿੱਚ ਲੀਨ ਹੋ ਜਾਵੇ ਅਤੇ ਆਪਣੀ ਜੀਵਨ ਪ੍ਰਕਿਰਿਆ ਨੂੰ ਗੁਰਮਤਿ ਸਿਧਾਂਤਾਂ ਅਨੁਸਾਰ ਢਾਲਿਆ ਜਾਵੇ। ਸ਼੍ਰੀ ਗੁਰੂ ਅਰਜਨ ਦੇਵ ਜੀ ਆਪਣੀ ਇਲਾਹੀ ਬਾਣੀ ਵਿੱਚ ਮਨੁੱਖ ਦੇ ਧਰਮ ਅਤੇ ਉਸ ਦੀ ਜੀਵਨ ਪ੍ਰਕਿਰਿਆ ਦੀ ਰੂਪ ਰੇਖਾ ਬਾਰੇ ਸਪਸ਼ਟ ਕਰਦਿਆਂ ਫ਼ੁਰਮਾਉਂਦੇ ਹਨ-

ਸਰਬ ਧਰਮ ਮਹਿ ਸ੍ਰੇਸ਼ਟ ਧਰਮੁ ।।
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ।।( ਅੰਗ 266)



## My Journey to Success

Ravinder Kaur Saini
IRS
Delhi

Hello everybody, myself Ravinder Kaur Saini. I have cleared 2016 Civil Services Examinations with AIR 731. At presently, I am working as Assistant Commissioner probationer for Indian Revenue Services (Customs and Central Excise). Academically, I am an M.A.(history) 2014 pass out. I did my schooling from Mata Gujri Public School with 84% in 10th standard and 91% in 12th(commerce background).

My journey to clear civil services examinations began with my father's dream. I, with god's grace, pursued this path and finally triumphed. It has been a long path. I could achieve success only in 4th attempt.

On my part, it was a dedicated effort revolving around newspaper readings, reading NCERTs, scrolling online content like insightsonindia, daily answer writing practices, going through old exam papers, attending mock interviews, and all. Along with it, i also took home tuitions to have economic independence. This helped me a lot by building the confidence to interact with people.

The best part of preparing for the examinations is that it is a dynamic process. Everyday adds a new leaf in the current affairs and thus begins with it, the analysis of these new developments. Eventually this makes the preparation an on-going process, giving hardly any chance to the aspirants to get bored.

This examinations also has the potential of making an ordinary graduate student a more informed and more connected citizenry. I feel blessed to be the part of the whole process and my innate connection with it has finally paid me in the form of IRS.

On the whole i would like to say that this field has a lot to offer to students. It demands attention and hard work but the success is worth the wait. It has the scope of changing your life, your family's social standing and betterment of the nation. I would like to thank my family for supporting me in this great endeavour. I thank god and my grandparents Late Mr.Ajaib Singh, Late Mr. Prem Chand Saini and Late Mrs. Rajinder Kaur who blessed me from the heaven. I would also like to congratulate Saini Bhawan for their endeavour of providing cost effective vocational training to children. In my own capacity, i hope to contribute my share of tribute to the organisation by working for my Saini community.Thank you and wishing All the best for future aspirants from the community.

## ਅਸੀਂ ਵੀ ਕਿਸੇ ਤੋਂ ਘੱਟ ਨਹੀਂ



ਅਮਰੀਕਾ ਦੀ ਵਸ਼ਿੰਗਟਨ ਯੂਨੀਵਰਸਿਟੀ ਵਿੱਚ ਪਬਲਿਕ ਐਡਮਨਿਸਟ੍ਰੇਸ਼ਨ ਅਤੇ ਬਿਜ਼ਨਸ ਦੀ ਵਿਦਿਆਰਥਣ, ਸ਼੍ਰੀ ਸੈਣੀ ਨੇ 21 ਸਾਲ ਦੀ ਉਮਰ ਵਿੱਚ ਮਿਸ ਇੰਡੀਆ ਅਮਰੀਕਾ 2017, ਖਿਤਾਬ ਜਿੱਤ ਕੇ ਸੈਣੀ ਬਰਾਦਰੀ ਦਾ ਸਿਰ ਉੱਚਾ ਕੀਤਾ ਹੈ। ਉਸ ਨੇ ਪਹਿਲਾਂ ਮਿਸ ਵਸ਼ਿੰਗਟਨ ਅਤੇ ਮਿਸ ਸਿਆਟਲ ਖਿਤਾਬ ਜਿੱਤੇ ਹੋਏ ਹਨ। ਪੰਜਾਬ ਵਿੱਚ ਅਬੋਹਰ ਸ਼ਹਿਰ ਦੇ ਸੈਣੀ ਪਰਿਵਾਰ ਵਿੱਚ ਸ਼੍ਰੀ ਸੰਜੇ ਸੈਣੀ ਅਤੇ ਸ਼੍ਰੀਮਤੀ ਏਕਤਾ ਸੈਣੀ ਦੇ ਘਰ ਜੰਮੀ ਸ਼੍ਰੀ ਸੈਣੀ 7 ਸਾਲ ਦੀ ਉਮਰ ਵਿੱਚ ਹੀ ਆਪਣੇ ਮਾਤਾ ਪਿਤਾ ਨਾਲ ਅਮਰੀਕਾ ਚਲੇ ਗਈ ਸੀ। ਇਸ ਸਮੇਂ ਅਬੋਹਰ ਵਿੱਚ ਉਸ ਦੇ ਦਾਦਾ ਅਤੇ ਦਾਦੀ ਰਹਿੰਦੇ ਹਨ। ਵਰਣਨਯੋਗ ਹੈ ਕਿ 12 ਸਾਲ ਦੀ ਉਮਰ ਵਿੱਚ ਉਸ ਦੇ ਪੇਸ ਮੇਕਰ ਲੱਗਾ ਸੀ ਜਿਸ ਕਾਰਨ ਡਾਕਟਰਾਂ ਨੇ ਕਿਹਾ ਸੀ ਕਿ ਉਹ ਕਦੇ ਵੀ ਨੱਚ ਨਹੀਂ ਸਕਦੀ। ਇਸ ਦੇ ਬਾਵਜ਼ੂਦ ਸ਼੍ਰੀ ਸੈਣੀ ਇਹ ਖਿਤਾਬ ਹਾਸਲ ਕਰਨ ਵਿੱਚ ਕਾਮਯਾਬ ਹੋਈ ਹੈ। ਸੈਣੀ ਬਰਾਦਰੀ ਨੂੰ ਉਸ ਦੀ ਪ੍ਰਾਪਤੀ 'ਤੇ ਮਾਣ ਹੈ।



## ਹੰਭ ਗਏ ਦਰਿਆ

ਡਾ. ਮਲਕੀਅਤ ਸਿੰਘ ਸੈਣੀ
ਪਟਿਆਲਾ

ਜੇਠ ਮਹੀਨੇ ਦੀ ਸਿਖਰ ਦੁਪਹਿਰ ਜਦੋਂ ਧਰਤੀ ਦੀ ਸਤ੍ਹਾ ਤੇ ਸੂਰਜ ਦੇ ਪੈਰ ਸੜਦੇ ਹਨ, ਜੇ ਉਦੋਂ ਪੰਜਾਬ ਇਕ ਮਹਾਂ ਝੀਲ ਦਾ ਰੂਪ ਅਖਤਿਆਰ ਕਰਦਾ ਹੈ ਤਾਂ ਇਹ ਇਕ ਅਣਹੋਂਣੀ ਨਹੀਂ ਤਾਂ ਹੋਰ ਕੀ ਹੈ। ਇਕ ਅਜੇਹੀ ਅਣਹੋਂਣੀ ਜਿਸਨੇ ਦੁਨੀਆਂ ਦੇ ਇਕ ਘੁੱਗ ਵਸਦੇ ਸਰਸਬਜ ਤੇ ਜ਼ਰਖੇਜ਼ ਖਿੱਤੇ ਨੂੰ ਮਾਰੂਥਲ ਬਣਨ ਵਲ ਧਕੇਲ ਦਿੱਤਾ ਹੈ। ਹਰ ਸਾਲ ਅਰਬਾਂ ਰੁਪਏ ਦਾ ਅਰਬਾਂ ਲਿਟਰ ਸਾਫ ਸੁਥਰਾ ਪਾਣੀ ਸਮੁੱਚੇ ਪੰਜਾਬ ਨੂੰ ਦਲਦਲ ਵਾਲੀ 29 ਲੱਖ ਹੈਕਟੇਅਰਾਂ ਵਿੱਚ ਫੈਲੀ ਮਹਾਂ ਝੀਲ ਵਿੱਚ ਤਬਦੀਲ ਕਰਨ ਲਈ ਗਰਕ ਕਰ ਦਿੱਤਾ ਜਾਂਦਾ ਹੈ। ਗਰਕ ਕੀਤਾ ਵੀ ਕਿਉਂ ਨਾ ਜਾਏ, ਆਖਰ ਮੁਫ਼ਤ ਵਿੱਚ ਮਿਲਿਆ ਹੈ। ਪੰਜਾਬ ਨੂੰ ਝੀਲ ਬਨਾਉਣ ਲਈ ਦਿਨ ਰਾਤ 16 ਲੱਖ ਟਿਊਬਵੈਲ ਚਲਦੇ ਹਨ। ਕੋਈ ਉਨ੍ਹਾ ਦਾ ਸਵਿੱਚ ਆਨ ਆਫ ਨਹੀਂ ਕਰਦਾ, ਜਦੋਂ ਬਿਜਲੀ ਆਉਂਦੀ ਹੈ ਟਿਊਬਵੈਲ ਆਪਣੇ ਆਪ ਚਲ ਪੈਂਦਾ ਹੈ ਜਦੋਂ ਬਿਜਲੀ ਜਾਂਦੀ ਹੈ ਬੰਦ ਹੋ ਜਾਂਦਾ ਹੈ। ਇਸ ਮੌਸਮੀ ਝੀਲ ਵਿੱਚ ਸਿਰਫ ਜੀਰੀ (ਝੋਨੇ) ਦੇ ਪੌਦੇ ਮੌਲਦੇ ਹਨ। ਸੁਭਾਉ ਦੇ ਪੱਖੋਂ ਅਸਲ ਵਿਚ ਤਾਂ ਇਹ ਪੌਦੇ ਦਲਦਲੀ ਇਲਾਕਿਆਂ ਵਿੱਚ ਉੱਗਣ ਤੇ ਮੌਲਣ ਨੂੰ ਤਰਜੀਹ ਦੇਂਦੇ ਹਨ, ਜਿੱਥੇ ਪਾਣੀ ਦੀ ਕੋਈ ਕਮੀ ਨਾਂ ਹੋਵੇ 'ਤੇ ਮੀਂਹ ਲਗਾਤਾਰ ਪੈਂਦੇ ਰਹਿਣ। ਸਾਡਾ ਪੂਰਬੀ, ਦੱਖਣੀ ਤੇ ਮੱਧ ਭਾਰਤ ਏਸ ਪੱਖੋ ਇਹਨਾਂ ਪੌਦਿਆਂ (ਝੋਨੇ ਦੀ ਫਸਲ) ਲਈ ਕਾਫੀ ਮੁਫ਼ੀਦ ਹੈ। ਸੋ ਬਲਹਾਰੇ ਜਾਈਏ ਏਥੋਂ ਦੇ ਕਿਸਾਨਾਂ ਦੇ, ਸਦਕੇ ਏਥੋਂ ਦੀਆਂ ਗੌਰਮਿੰਟਾ ਦੇ ਤੇ ਆਫਰੀਨ ਏਥੋਂ ਦੇ ਖੇਤੀ ਬਾੜੀ ਮਹਿਕਮੇ ਅਤੇ ਮਾਹਰਾਂ ਦੇ ਜਿਨ੍ਹਾ ਨੇ ਰਲਕੇ ਸਮੁੱਚੇ ਪੰਜਾਬ ਨੂੰ ਦਲਦਲ ਵਿੱਚ ਤਬਦੀਲ ਕਰ ਦਿੱਤਾ। ਲੋਹੜਾ ਸਾਂਈ ਦਾ ਕਿ ਉਸ ਵਕਤ ਕਿਸੇ ਇਹ ਨਾ ਸੋਚਿਆ ਕਿ ਇਸ ਮਹਾਨ ਕਾਰਨਾਮੇ ਦੇ ਦੂਰ ਵਰਤੀ ਪ੍ਰਭਾਵ ਕੀ ਹੋਣਗੇ?

ਆਓ ਇਸ ਮਸਲੇ ਦੀ ਤਹਿ ਤੱਕ ਜਾਣ ਦੀ ਕੋਸ਼ਿਸ਼ ਕਰੀਏ। ਮਸਲਿਨ ਇਕ ਮੋਟੇ ਜੇਹੇ ਅਨੁਮਾਨ ਅਨੁਸਾਰ ਇੱਕ ਕਿਲੋ ਜੀਰੀ ਪੈਦਾ ਕਰਨ ਲਈ ਤਕਰੀਬਨ 4500-5000 ਲਿਟਰ ਪਾਣੀ ਦੀ ਜ਼ਰੂਰਤ ਪੈਂਦੀ ਹੈ। ਪੰਜਾਬ ਹਰ ਸਾਲ ਸਭ ਕਿਸਮਾਂ ਰਲਾਕੇ ਆਪਣੇ ਦੇਸ਼ ਦੇ ਲੋਕਾਂ ਦਾ ਚੌਲਾਂ ਨਾਲ ਢਿੱਡ ਭਰਨ ਤੇ ਕੇਂਦਰੀ ਜਖੀਰੇ ਨੂੰ ਭਰਿਆ ਰੱਖਣ ਲਈ ਲੱਗ ਭੱਗ 160 ਲੱਖ ਟਨ ਭਾਵ 1500 ਕਰੋੜ ਕਿਲੋ ਜੀਰੀ ਪੈਦਾ ਕਰਦਾ ਹੈ ਤੇ ਉਸਦੇ ਪਾਲਣ ਪੋਸਣ ਤੇ ਤਕਰੀਬਨ 75 ਖਰਬ ਲਿਟਰ ਸਾਫ ਸੁੱਥਰਾ ਪਾਣੀ ਲੱਗਦਾ ਹੈ। ਜੇ ਇਸ ਪਾਣੀ ਦੀ ਕੀਮਤ 50 ਨਵੇਂ ਪੈਸੇ/ਲਿਟਰ (ਬਿਸਲੇਰੀ ਦੇ ਪਾਣੀ ਦੀ 750 ml ਦੀ ਇਕ ਬੋਤਲ 15-20 ਰੁਪਏ ਦੀ ਮਿਲਦੀ ਹੈ) ਵੀ ਲਗਾਈਏ ਤਾਂ ਵੀ ਪੰਜਾਬ ਵਿੱਚ ਝੋਨੇ ਦੀ ਇਕ ਸਾਲ ਦੀ ਫਸਲ ਨੂੰ ਨੇਪਰੇ ਚਾੜ੍ਹਨ ਲਈ ਇਕਲਾ ਪਾਣੀ ਹੀ ਤਕਰੀਬਨ 38 ਖਰਬ ਰੁਪਏ ਦਾ ਵਰਤਿਆ ਜਾਦਾ ਹੈ। ਜੋ ਕਿ ਪੰਜਾਬ ਦੇ ਸਲਾਨਾ ਬਜਟ ਦੇ ਤਕਰੀਬਨ ਅੱਧ ਤਕ ਪਹੁੰਚ ਦਾ ਹੈ। ਜਦੋਂ ਕਿ ਸਾਰੇ ਖਰਚੇ ਕੱਢਕੇ ਜੀਰੀ ਤੋਂ ਸਿਰਫ 1-1.25 ਖਰਬ ਰੁਪਏ ਦੀ ਵੱਟਤ ਹੁੰਦੀ ਹੈ ਫਿਰ ਕਿਉਂ ਨਾ ਜੀਰੀ ਦੀ ਫਸਲ ਛੱਡਕੇ ਪਾਣੀ ਹੀ ਵੇਚ ਲਿਆ ਜਾਵੇ। ਇਕੱਲੇ ਪਾਣੀ ਦੇ ਨਜਰੀਏ ਤੋਂ ਹੀ ਜੀਰੀ ਪੰਜਾਬ ਨੂੰ ਸਾਲਾਨਾ ਤਕਰੀਬਨ 36 ਖਰਬ ਰੁਪਏ ਮਹਿੰਗਪੈ ਰਹੀ ਹੈ। ਕਿੰਨੀ ਕੁ ਵੱਡੀ ਸਿਤਮ ਜਰੀਫੀ ਹੈ ਕਿ ਇਕ ਪਾਸੇ ਤਾਂ ਲੋਕਾਈ ਪਾਣੀ ਦੀ ਇਕ ਇਕ ਬੂੰਦ ਨੂੰ ਤਰਸ ਰਹੀ ਹੋਵੇ ਤੇ ਦੂਸਰੇ ਪਾਸੇ ਉਸੇ ਪਾਣੀ ਨੂੰ ਅੰਨ੍ਹੇਵਾਹ ਬਿਨਾ ਕਿਸੇ ਸਰਫੇ ਜਾਂ ਸੰਕੋਚ ਤੋਂ ਝੀਲਾਂ ਬਣਾ ਬਣਾ ਕੇ ਉਡਾਇਆ ਜਾ ਰਿਹਾ ਹੋਵੇ।

ਇਸ ਫ਼ਸਲ ਦਾ ਦੂਸਰਾ ਪੱਖ ਇਸ ਤੋਂ ਵੀ ਖਤਰਨਾਕ ਤੇ ਘਿਨਾਉਣਾ ਹੈ। ਹੌਲੀ ਹੌਲੀ ਪੰਜਾਬ ਦੀ ਸਾਰੀ ਜਮੀਨ ਪਾਣੀ ਲੱਗ ਹੋ ਗਈ ਹੈ। ਖੁਸ਼ਕ ਵਾਤਾਵਰਣ ਵਿੱਚ ਉੱਗਣ ਵਾਲੀਆਂ ਢੇਰ ਸਾਰੀਆਂ ਫਸਲਾਂ ਇਸ ਧਰਤੀ ਤੋਂ ਕਿਨਾਰਾ ਕਰ ਗਈਆਂ ਹਨ। ਮਾਹ, ਮੂੰਗੀ, ਮੋਠ, ਛੋਲੇ, ਮਸਰ, ਅਰਹਰ, ਤਿਲ ਤੇ ਹੋਰ ਇਹੋ ਜੇਹੀਆਂ ਕਿੰਨੀਆਂ ਹੀ ਫਸਲਾਂ ਲਈ ਅਸੀਂ ਦੂਜਿਆਂ ਤੇ ਨਿਰਭਰ ਹੋ ਗਏ ਹਾਂ। ਖੇਤਾਂ ਵਿਚ ਬਾਰ ਬਾਰ ਜੀਰੀ ਲੱਗਣ ਕਰਕੇ ਜਮੀਨ ਦੀ ਸਤ੍ਹਾ ਤੋਂ 6-7 ਇੰਚ ਹੇਠਾਂ ਮਿੱਟੀ ਦੀ ਇਕ ਕਰੜੀ ਤੈਹ ਜਾ ਪਰਤ ਬਣ ਗਈ ਹੈ ਜੋ ਨਾ ਤਾਂ ਪਾਣੀ ਹੇਠਾਂ ਜਾਣ ਦੇਂਦੀ ਹੈ ਤੇ ਨਾ ਹੀ ਬੂਟੇ ਦੀਆਂ ਜੜ੍ਹਾ ਅਸਾਨੀ ਨਾਲ ਇਸ ਨੂੰ ਪਾਰ ਕਰ ਸਕਦੀਆਂ ਹਨ। ਬਾਰ ਬਾਰ ਪਾਣੀ ਲੱਗਣ, ਸੁੱਕਣ, ਲੱਗਣ ਸੁੱਕਣ ਕਰਕੇ ਜਮੀਨ ਵਿੱਚ ਖਾਰਾ ਪਣ ਇਸ ਕਦਰ ਵਧ ਗਿਆ ਹੈ ਕਿ ਬਹੁਤ ਸਾਰੀਆਂ ਦਾਲਾਂ ਇਸ ਨੂੰ ਸਹਿਣ ਨਹੀਂ ਕਰ ਪਾਉਂਦੀਆਂ। ਸੋ ਕੁਲ ਮਿਲਾਕੇ ਇਹ ਗਿੱਲੀ, ਸਿੱਲ੍ਹੀ ਤੇ ਖਾਰੀ ਜਮੀਨ ਦਾਲਾ ਪੈਦਾ ਕਰਨ ਦੇ ਅਨੁਕੂਲ ਹੀ ਨਹੀਂ ਰਹੀ। ਇਕ ਮੋਟੇ ਅਨੁਮਾਨ ਅਨੁਸਾਰ ਜਦੋਂ ਤੋਂ ਪੰਜਾਬ ਵਿੱਚ ਝੋਨੇ ਦੀ ਕਾਸ਼ਤ ਇਕ ਮੁੱਖ ਫਸਲ ਵੱਜੋ ਹੋਣੀ ਸ਼ੁਰੂ ਹੋਈ ਹੈ (1977-78) ਧਰਤੀ ਹੇਠੋ ਤਕਰੀਬਨ 130 KM ਕਿਊਬਿਕ ਪਾਣੀ ਟਿਊਬਵੈਲਾਂ ਰਾਹੀਂ ਕੱਢਿਆ ਜਾ ਚੁੱਕਾ ਹੈ। ਪੰਜਾਬ ਦੀ ਭਾਖੜਾ ਨੰਗਲ ਵਾਲੀ ਗੋਬਿੰਦ ਸਾਗਰ ਝੀਲ ਵਿੱਚ 9.34 KM ਕਿਊਬਿਕ ਪਾਣੀ ਹੈ। ਇਸ ਦਾ ਮਤਲ ਹੈ ਕਿ ਗੋਬਿੰਦ ਸਾਗਰ ਝੀਲ ਵਰਗੀਆਂ 14 ਝੀਲਾਂ ਪੰਜਾਬ ਦੀ ਜਮੀਨ ਹੇਠੋਂ ਬਾਹਰ ਕੱਢੀਆਂ ਜਾ ਚੁੱਕੀਆਂ ਹਨ। ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦਾ ਪੱਧਰ 110-160 ਫੁੱਟ ਹੇਠਾਂ ਚਲਾ ਗਿਆ ਹੈ। ਬੇਤਹਾਸ਼ਾ ਪਾਣੀ ਬਾਹਰ ਨਿਕਲਣ ਉਪਰੰਤ ਅੰਦਰੋਂ ਖੋਖਲੀ ਹੋਈ ਧਰਤੀ ਬਹੁਮੰਜਲੀਆਂ ਇਮਾਰਤਾਂ ਦੇ ਲੱਖਾਂ ਟਨ ਵਜਨ ਨੂੰ ਸਹਾਰ ਨਹੀਂ ਪਾਏਗੀ ਤੇ ਇਹ ਇਮਾਰਤਾਂ ਸਮਾਂ ਪਾਕੇ ਜਮੀਨ ਵਿੱਚ ਧੱਸਣੀਆਂ ਸ਼ੁਰੂ ਹੋ ਜਾਣਗੀਆਂ । ਬਹੁਤ ਸਾਰੇ

ਦੇਸ਼ਾਂ ਵਿੱਚ ਪਹਿਲਾਂ ਹੀ ਇਹ ਭਾਣਾ ਵਾਪਰ ਚੁੱਕਾ ਹੈ।

ਰੱਬ ਦਾ ਵਾਸਤਾ ਜੇ ਪੰਜਾਬ ਦੀਆਂ ਆਉਣ ਵਾਲੀਆਂ ਪੀੜੀਆਂ ਤੇ ਤਰਸ ਕਰੋ। ਆਪਣੀਆਂ ਆਪਹੁਦਰੀਆਂ ਤੇ ਮਨ ਮਾਨੀਆਂ ਕਰਕੇ ਧਰਤੀ ਹੇਠਲੇ ਪਾਣੀ ਦਾ ਤਕਰੀਬਨ ਤਿੰਨ ਚੌਥਾਈ ਹਿੱਸਾ ਅਸੀਂ ਪਹਿਲਾਂ ਹੀ ਬਰਬਾਦ ਕਰ ਚੁੱਕੇ ਹਾਂ ਤੇ ਬਾਕੀ ਬਚੇ ਇਕ ਚੌਥਾਈ ਹਿੱਸੇ ਨੂੰ ਇਸ ਵਕਤ ਬੁਰੀ ਤਰਾਂ ਟੱਕ ਲੱਗਾ ਹੋਇਆ ਹੈ। ਖੂਹ, ਨਲਕੇ 'ਤੇ ਜੈਟ ਪੰਪ ਦਮ ਤੋੜ ਚੁੱਕੇ ਹਨ ਤੇ ਇਸ ਵੇਲੇ ਜੀਵਨ ਦੀ ਵਾਗ ਡੋਰ ਸਬਮਰਸੀਬਲ ਪੰਪਾਂ ਤੇ ਟਿਕੀ ਹੋਈ ਹੈ, ਖੂਹਾਂ ਤੋਂ ਬਾਅਦ ਸਾਡੀਆਂ ਝੀਲਾਂ ਵੀ ਤ੍ਰਿਹਾਈਆਂ ਮਰ ਜਾਣਗੀਆਂ। ਟਾਹਲੀਆਂ, ਨਿੰਮਾਂ ਤੇ ਅੰਬਾਂ ਦੇ ਬੂਟੇ ਪੰਜਾਬ ਦੀ ਧਰਤੀ ਦੀ ਵਸੀਅਤ ਕਿੱਕਰਾਂ, ਫਲਾਹੀਆਂ ਤੇ ਜੰਡ ਕਰੀਰਾਂ ਦੇ ਨਾਮ ਕਰ ਦੇਣਗੇ। ਜਰਾ ਤਸਵਰ ਕਰਕੇ ਦੇਖੋ ਜੇ ਇਹ ਸਭ ਕੁਝ ਏਵੇਂ ਹੀ ਵਾਪਰ ਜਾਦਾ ਹੈ ਤਾਂ ਪੰਜਾਬ ਦਾ ਮੂੰਹ ਮੁਹਾਦਰਾ ਕੋਹੋ ਜੇਹਾ ਹੋਵੇਗਾ। ਕੋਹੋ ਜੇਹਾ ਹੋਵੇਗਾ ਏਥੋਂ ਦਾ ਪੌਣ ਪਾਣੀ ਤੇ ਕੇਹੋ ਜੇਹਾ ਬੇਮਜ਼ਾ ਤੇ ਨੀਰਸ ਜੇਹਾ ਹੋਵੇਗਾ ਏਥੋਂ ਦਾ ਜਨਜੀਵਨ। ਸਮਾਂ ਗਵਾਹ ਹੈ, ਪਾਣੀ ਦੀ ਅਣਹੋਂਦ ਵਿੱਚ ਦੁਨੀਆਂ ਦੀਆਂ ਕਈ ਘੁੱਗ ਵਸਦੀਆਂ ਸਭਿਆਤਾਵਾਂ ਹੁਣ ਤੱਕ ਆਪਣੀ ਹੋਂਦ ਗੁਆ ਬੈਠੀਆਂ ਹਨ।

ਇਸ ਖਿੱਤੇ ਦੀ ਪਿਆਸ ਹੈ ਕਿ ਦਿਨ ਬਦਿਨ ਵੱਧਦੀ ਹੀ ਜਾ ਰਹੀ ਹੈ। ਲੱਗਦਾ ਹੈ ਜਿਵੇਂ ਇਸਦੇ ਦਰਿਆ ਵੀ ਇਸ ਨੂੰ ਸਿੰਝ ਸਿੰਝ ਕੇ ਹੰਭ ਗਏ ਹੋਣ, ਥੱਕ ਗਏ ਹੋਣ, ਹਾਰ ਗਏ ਹੋਣ।

ਸਾਬਕਾ ਡੀਨ ਅਕਾਦਮਿਕ ਮਾਮਲੇ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।
ਮੋਬਾਇਲ: 94171-20251

## ਅਰਜ਼ੋਈ

ਨਵੇਂ ਸਾਲ ਦਿਆ ਸੂਰਜਾ! ਐਸੀ ਕਿਰਨ ਖਲੇਰ,
ਹੋਵਣ ਦੂਰ ਮੁਸੀਬਤਾਂ, ਆਏ ਸੁਖਨ ਸਵੇਰ।
ਨਵੇਂ ਸਾਲ ਦਿਆ ਸੂਰਜਾ! ਭਾਹ ਗੁਲਾਬੀ ਮਾਰ,
ਸੂਹੀ ਹੋਵੇ ਜ਼ਿੰਦਗੀ, ਮਿਟ ਜਾਏ ਅੰਧਕਾਰ।
ਨਵੇਂ ਸਾਲ ਦਿਆ ਸੂਰਜਾ! ਦੇ ਸੁਹਣੀ ਪ੍ਰਭਾਤ,
ਬੁੱਕਲ਼ ਲਾਹ ਹਨੇਰ ਦੀ, ਚਾਨਣ ਵੰਡ ਸੌਗਾਤ।
ਨਵੇਂ ਸਾਲ ਦਿਆ ਸੂਰਜਾ! ਧਰਤੀ ਕਰੇ ਪੁਕਾਰ,
ਬਖ਼ਸ਼ ਦੇਈਂ ਹਰਿਆਲੀਆਂ, ਅੰਨ ਦੇ ਭਰੀਂ ਭੰਡਾਰ।

-ਜਗਤਾਰ ਗਿੱਲ



## ਗ਼ਜ਼ਲ

ਜਸਵੰਤ ਕੌਰ ਸੈਣੀ

ਕਹਿਰ ਧਰਤੀ 'ਤੇ ਢਾਓਗੇ ਕਦੋਂ ਤੱਕ?
ਜ਼ਹਿਰ ਪੌਣਾਂ ਵਿੱਚ ਰਲਾਓਗੇ ਕਦੋਂ ਤੱਕ?
ਬਦਅਮਨੀ, ਡਾਕੇ, ਲੁੱਟ ਅਤੇ ਖਿੱਚ-ਧੂਹ ਦਾ,
ਨੰਗਾ ਇਹ ਨਾਚ ਨਚਾਓਗੇ ਕਦੋਂ ਤੱਕ?
ਮਹਿਲ ਆਪਣੇ ਉਸਾਰਨ ਵਾਸਤੇ,
ਹੱਕ ਗਰੀਬਾਂ ਦੇ ਖਾਓਗੇ ਕਦੋਂ ਤੱਕ?
ਪਾਪ ਨੇ ਤਾਂ ਆਖਰ ਸਿਰ ਚੜ੍ਹ ਬੋਲਣੈ,
ਸੱਚ ਉੱਤੇ ਪਰਦਾ ਪਾਓਗੇ ਕਦੋਂ ਤੱਕ?
ਜ਼ੁਲਮ ਦਾ ਅੰਜ਼ਾਮ ਤੁਸੀਂ ਹੋ ਜਾਣਦੇ,
ਸਬਰ ਸਾਡਾ ਅਜ਼ਮਾਓਗੇ ਕਦੋਂ ਤੱਕ?
ਝੂਠ 'ਤੇ ਟਿਕੀ ਹੋਈ ਬੇਜ਼ਮੀਰੀ ਜ਼ਿੰਦਗੀ ਦਾ,
ਮੋਢਿਆਂ 'ਤੇ ਭਾਰ ਉਠਾਓਗੇ ਕਦੋਂ ਤੱਕ?
ਬੇਯਕੀਨੀ, ਬੇਭਰੋਸਾ ਵਧ ਗਿਆ ਇਸ ਹੱਦ ਤੱਕ,
ਲਾਰਿਆਂ ਨਾਲ ਓਸ ਨੂੰ ਲੁਕਾਓਗੇ ਕਦੋਂ ਤਕ?

## ਹਾਰਦਿਕ ਵਧਾਈ

ਸੈਣੀ ਭਵਨ ਰੂਪਨਗਰ ਦੇ ਟਰਸਟੀ ਅਤੇ ਉੱਘੀ ਸਾਹਿਤਕਾਰ ਵਲੋਂ ਲਿਖੀ ਪੁਸਤਕ," ਲਸਾੜਾ-ਮੇਰਾ ਪਿੰਡ ਮੇਰੇ ਲੋਕ" ਨੂੰ 3 ਨਵੰਬਰ 2017 ਨੂੰ ਉਨ੍ਹਾਂ ਦੇ ਪੇਕੇ ਪਿੰਡ ਲਸਾੜਾ ਵਿਖੇ ਰਿਲੀਜ਼ ਕੀਤਾ ਗਿਆ। ਇਹ ਰਸਮ ਇਸ ਪਿੰਡ ਦੇ ਸੇਵਾਮੁਕਤ ਆਈ.ਏ.ਐਸ.ਅਧਿਕਾਰੀ ਸ. ਹਰਮੇਸ਼ ਸਿੰਘ ਪਾਬਲਾ ਅਤੇ ਅਜੀਤ ਅਖਬਾਰ ਦੇ ਕਾਰਜਕਾਰੀ ਸੰਪਾਦਕ ਸ.ਸਤਨਾਮ ਸਿੰਘ ਮਾਣਕ, ਯੂ.ਐਸ.ਏ. ਤੋਂ ਆਏ ਸ.ਜਗੀਰ ਸਿੰਘ, ਸਮਾਜਸੇਵੀ ਸ. ਸੀਤਲ ਸਿੰਘ,ਅਤੇ ਪਿੰਡ ਦੀ ਸਰਪੰਚ ਗੁਰਮੀਤ ਕੌਰ ਨੇ ਨਿਭਾਈ। ਇਸ ਸਮੇਂ ਪਿੰਡ ਦੇ ਦਰਜਣਾਂ ਮੋਹਤਬਾਰ ਸੱਜਣਾਂ ਸਮੇਤ ਬਲਾਕ ਸੰਮਤੀ ਮੈਂਬਰ ਦਵਿੰਦਰ ਸਿੰਘ, ਲੇਖਿਕਾ ਦੇ ਪਤੀ ਡਾ.ਅਜਮੇਰ ਸਿੰਘ ਅਤੇ ਭਰਾ ਸ. ਕੁਲਦੀਪ ਸਿੰਘ ਤੇ ਸ. ਜਸਵੀਰ ਸਿੰਘ ਵੀ ਹਾਜ਼ਰ ਸਨ। ਸੈਣੀ ਭਵਨ ਦੇ ਪ੍ਰਬੰਧਕਾਂ ਵਲੋਂ ਡਾ. ਸੈਣੀ ਨੂੰ ਬਹੁਤ ਬਹੁਤ ਵਧਾਈ।




ਸੈਣੀ ਸਖਸ਼ੀਅਤ

## ਆਦਰਸ਼ ਅਧਿਆਪਕ ਮਾਸਟਰ ਪਰਦੁੱਮਨ ਸਿੰਘ

ਦਵਿੰਦਰ ਸਿੰਘ
ਜਟਾਣਾ

ਮਾਸਟਰ ਪਰਦੁੱਮਨ ਸਿੰਘ ਨੇ ਜਟਾਣਾ ਪਿੰਡ ਦੇ ਮਸ਼ਹੂਰ ਰਾਗੀ ਪਰਿਵਾਰ ਵਿੱਚ ਸੰਨ 1926 ਨੂੰ ਮਾਤਾ ਦਿਆਲ ਕੌਰ ਅਤੇ ਪਿਤਾ ਸ.ਰਣਜੀਤ ਸਿੰਘ ਦੇ ਘਰ ਜਨਮ ਲਿਆ।ਉਹਨਾਂ ਦੇ ਦਾਦਾ ਜੀ ਸਦਰ ਕਾਨੂੰਗੋ ਅੰਬਾਲਾ ਜਗਾਧਰੀ ਵਿਖੇ ਇੱਕ ਸਿੱਖ ਰਿਆਸਤ ਦੇ ਸਰਬਰਾਹ ਤੇ ਤਿੰਨ ਸੌ ਵਿੱਘੇ ਤੋਂ ਵੱਧ ਦੇ ਮਾਲਕ ਸਨ।ਮਾਸਟਰ ਜੀ ਦੀ ਵਿੱਦਿਆ ਆਪਣੇ ਬਾਬਾ ਜੀ ਦੀ ਸਖਤ ਦੇਖ ਰੇਖ ਹੇਠ ਪ੍ਰਵਾਨ ਚੜ੍ਹੀ। ਖਾਲਸਾ ਹਾਈ ਸਕੂਲ ਚਮਕੌਰ ਸਾਹਿਬ ਫਿਰ ਜੈਨ ਕਾਲਜ ਅੰਬਾਲਾ ਅਤੇਸਰਕਾਰੀ ਕਾਲਜ ਰੋਪੜ ਤੋਂ ਬਾਅਦ ਕੁਝ ਸਮਾਂ ਨੇਵੀ ਵਿੱਚ ਰਹੇ। ਕਾਲਜ ਸਮੇਂ ਕਾਮਰੇਡ ਸਮਸ਼ੇਰ ਸਿੰਘ ਜੋਸ਼ ਦੇ ਸੰਪਰਕ ਵਿੱਚ ਆਉਣ ਮਗਰੋਂ ਉਹ ਸੋਸ਼ਲਿਸਟ ਪਾਰਟੀ ਵਿੱਚ ਸਰਗਰਮ ਭੂਮਿਕਾ ਨਿਭਾਉਣ ਲੱਗੇ। ਕਿਸਾਨ ਕਾਨਫਰੰਸਾਂ ਤੇ ਹੋਰ ਸਮਾਜਕ ਕ੍ਰਾਂਤੀਕਾਰੀ ਗਤੀਵਿਧੀਆਂ ਵਿੱਚ ਹਿੱਸਾ ਲੈਂਦੇ ਰਹੇ। ਇਹਨਾਂ ਗਤੀਵਿਧੀਆਂ ਦਾ ਕੇਂਦਰ ਬੇਲਾ ਇਲਾਕਾ ਅਤੇ ਰੋਪੜ ਸੀ। 1950 ਵਿਆਂ ਵਿੱਚ ਗਿੱਦੜਬਾਹਾ ਚੰਨੂੰ ਤੇ ਬਾਅਦ ਵਿੱਚ ਫਾਜਲਿਕਾ ਨੇੜੇ ਬੇਦੀਆਂ ਦੇ ਪਿੰਡ ਲਾਲੋਵਾਲੀ ਵਿੱਚ ਬਤੌਰ ਅਧਿਆਪਕ ਲਗ-ਭਗ ਤਿੰਨ ਦਹਾਕੇ ਸੇਵਾ ਕੀਤੀ। ਉਹਨਾਂ ਦੀ ਧਰਮ ਪਤਨੀ ਬੀਬੀ ਦਲਬੀਰ ਕੌਰ ਉਸ ਪਿੰਡ ਵਿੱਚ 25 ਸਾਲ ਪੰਚਾਇਤ ਮੈਂਬਰ ਅਤੇ ਸਮਾਜਿਕ ਕੰਮਾਂ ਕਾਰਾਂ ਵਿੱਚ ਪੂਰਾ ਸਾਥ ਨਿਭਾਉਂਦੇ ਰਹੇ। 'ਪ੍ਰੀਤ ਲੜੀ' ਤੋਂ ਪ੍ਰੇਰਨਾ ਲੈ ਕੇ ਸਮੁੱਚਾ ਪਰਿਵਾਰ ਸੈਕੂਲਰ ਵਿਚਾਰਧਾਰਾ ਦਾ ਹਾਮੀ ਰਿਹਾ। ਮਾਸਟਰ ਜੀ ਪੂਰੀ ਨੌਕਰੀ ਦੌਰਾਨ ਗੌਰਮਿੰਟ ਟੀਚਰ ਯੂਨੀਅਨ ਤੇ ਤਹਿਸੀਲ ਫਾਜਲਿਕਾ ਦੇ ਪ੍ਰਧਾਨ ਜਿਲਾ ਫਿਰੋਜਪੁਰ ਦੇ ਸਕੱਤਰ ਅਤੇ ਪੰਜਾਬ ਦੀ ਵਰਕਿੰਗ ਕਮੇਟੀ ਵਿੱਚ ਕੰਮ ਕਰਦੇ ਰਹੇ। ਇਸ ਤਰ੍ਹਾਂ ਉਨ੍ਹਾਂ ਦਾ ਘਰ ਟੀਚਰ-ਸਿਆਸਤ ਦਾ ਮਰਕਜ਼ ਰਿਹਾ। ਪਿੰਡ ਦੀਆਂ ਤਿੰਨ ਪੀੜ੍ਹੀਆਂ ਨੇ ਉਹਨਾਂ ਤੋਂ ਵਿੱਦਿਆ ਹਾਸਿਲ ਕੀਤੀ। ਆਦਰਸ਼ਕ ਅਧਿਆਪਕ ਵਜੋਂ ਉਹਨਾਂ ਦਾ ਜੀਵਨ 24 ਘੰਟੇ ਵਿੱਦਿਆ ਖੇਡਾਂ ਤੇ ਧਾਰਮਕ ਤੇ ਸਮਾਜਕ ਖੇਤਰਾਂ ਵਿੱਚ ਪ੍ਰਗਤੀਵਾਦੀ ਵਿਚਾਰਾਂ ਨਾਲ ਲੈਸ ਸੀ। ਪਿੰਡ ਦੀ ਸਮੁੱਚੀ ਵਸੋਂ ਕੰਬੋ ਰਾਏ ਸਿੱਖ ਮੁਜਾਰਾ ਲੋਕਾਂ ਦੀ ਸੀ ਜੋ ਬਾਅਦ ਵਿੱਚ ਜਮੀਨਾਂ ਦੇ ਮਾਲਕ ਅਤੇ ਸਰਕਾਰੀ ਉੱਚੀਆਂ ਨੌਕਰੀਆਂ ਤੇ ਪਹੁੰਚੇ। ਇਹ ਮਾਸਟਰ ਪਰਦੁੱਮਨ ਸਿੰਘ ਜੀ ਦੀ ਲਗਨ ਅਤੇ ਮਿਹਨਤ ਸੀ ਜਿਸਨੇ ਅੱਜ 30 ਸਾਲਾਂ ਬਾਅਦ ਵੀ ਉਸ ਪਿੰਡ ਦੇ ਲੋਕਾਂ ਦਾ ਪਿਆਰ ਬਰਕਰਾਰ ਰੱਖਿਆ। ਰਿਟਾਇਰਮੈਂਟ ਤੋਂ ਬਾਅਦ ਵੀ ਮਹਾਰਾਣੀ ਸਤਿੰਦਰ ਕੌਰ ਮਾਡਰਨ ਹਾਈ ਸਕੂਲ ਦੇ ਆਨਰੇਰੀ ਪ੍ਰਿੰਸੀਪਲ ਤੇ ਬੇਲਾ ਕਾਲਜ ਨਾਲ ਜੁੜੇ ਰਹੇ।ਉਹ ਪਿੰਡ ਦੀ ਸਹਿਕਾਰੀ ਸੋਸਾਇਟੀ ਦੇ ਪ੍ਰਧਾਨ ਵੀ ਰਹੇ।ਸੈਂਕੜੇ ਲੋਕਾਂ ਨੇ ਆਪਣੇ ਆਦਰਸ਼ ਦੀ ਯਾਦ ਵਿੱਚ ਉੱਥੋਂ ਦੇ ਸੀਨੀਅਰ ਸੈਕੰਡਰੀ ਸਕੂਲ ਵਿੱਚ ਸ਼੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪਾਏ ਅਤੇ ਉਹਨਾਂ ਦੀ ਯਾਦ ਵਿੱਚ ਮਾਸਟਰ ਪਰਦੁੱਮਨ ਸਿੰਘ ਸਪੋਰਟਸ ਵਿੰਗ ਸਥਾਪਿਤ ਕੀਤਾ। ਉਹਨਾਂ ਸਮੁੱਚੇ ਪਰਿਵਾਰ ਨੂੰ ਸਨਮਾਨਿਤ ਵੀ ਕੀਤਾ।



ਉਹਨਾਂ ਦਾ ਪਰਿਵਾਰ ਉਹਨਾਂ ਦੀ ਲੀਹਾਂ ਤੇ ਚੱਲਿਆ ਵੱਡਾ ਲੜਕਾ ਬੈਂਕਾ ਦੀ ਯੂਨੀਅਨ ਦਾ ਕੁੱਲ ਹਿੰਦ ਪ੍ਰਧਾਨ ਅਤੇ ਸਟੇਟ ਬੈਂਕ ਆਫ ਪਟਿਆਲਾ ਦਾ ਡਾਇਰੈਕਟਰ ਰਿਹਾ ਜੋ ਹੁਣ ਬੇਲਾ ਕਾਲਜ ਮੈਨੇਜਮੈਂਟ ਕਮੇਟੀ ਦੇ ਸਕੱਤਰ ਵਜੋਂ ਸੇਵਾ ਨਿਭਾਅ ਰਿਹਾ ਹੈ।ਦੂਸਰਾ ਲੜਕਾ ਸਵਰਗੀ ਸੁਰਿੰਦਰ ਸਿੰਘ ਬੈਂਕ ਮੈਨੇਜਰ ਅਤੇ ਪਿੰਡ ਦਾ ਸਰਪੰਚ ਰਿਹਾ। ਤੀਜਾ ਲੜਕਾ ਜਿਲਾ ਅਟਾਰਨੀ ਦਫਤਰ ਵਿੱਚ ਸੁਪਰਡੈਂਟ ਅੱਗੇ ਬਹੁਤਾ ਪਰਿਵਾਰ ਅਮਰੀਕਾ, ਕੈਨੇਡਾ ਵਿੱਚ ਉਪਜੀਵਕਾ ਕਮਾ ਰਹੇ ਹਨ। ਮਾਸਟਰ ਜੀ ਦੀ ਸਮਾਜ ਪ੍ਰਤੀ ਅਣਥੱਕ ਸੇਵਾ ਸਦਕਾ ਪਿੰਡ ਜਟਾਣਾ ਵਿਖੇ ਉਹਨਾਂ ਦੇ ਨਾਂ ਤੇ ਮਾਸਟਰ ਪਰਦੁੱਮਨ ਸਿੰਘ ਯਾਦਗਾਰੀ ਲਾਇਬ੍ਰੇਰੀ ਕਾਇਮ ਕੀਤੀ ਗਈ ਹੈ।

❊ ❊ ❊ ❊ ❊

### ਸੱਚ

ਸੱਚ ਦਾ ਅਰਥ ਹੈ- ਅਵਿਨਾਸ਼ੀ , ਪਰਿਵਰਤਨਰਹਿਤ ਅਤੇ ਅਟੱਲ।

ਸੱਚ ਦੋ ਪ੍ਰਕਾਰ ਦਾ ਹੈ- ਇੱਕ ਨਿਰਆਧਾਰੀ ਸੱਚ, ਦੂਜਾ ਆਧਾਰੀ ਸੱਚ

ਨਿਰਆਧਾਰੀ ਉਹ ਹੈ ਜਿਸ ਨੂੰ 'ਸੱਚ' ਹੋਣ ਲਈ ਕਿਸੇ ਆਧਾਰ ਜਾਂ ਸਹਾਇਕ ਦੀ ਲੋੜ ਨਹੀਂ। ਪਰਮਾਤਮਾ ਨਿਰਆਧਾਰੀ ਸੱਚ ਹੈ।( ਆਦਿ ਸਚੁ ਜੁਗਾਦਿ ਸਚੁ।। ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ।।)

ਆਧਾਰੀ ਸੱਚ ਉਹ ਹੈ ਜਿਸ ਨੂੰ 'ਸੱਚ' ਹੋਣ ਲਈ ਕਿਸੇ ਆਧਾਰ ਦੀ ਲੋੜ ਹੁੰਦੀ ਹੈ। ਉਹ ਆਪਣੇ ਆਪ ਵਿੱਚ ਸੱਚ ਨਹੀਂ ਹੁੰਦਾ। ਦੁਨੀਆਵੀ ਪਦਾਰਥ ਆਧਾਰੀ ਸੱਚ ਹਨ । ਉਹ ਕੇਵਲ ਪਰਮਾਤਮਾ ਦੀ ਓਟ ਵਿੱਚ ਸੱਚ ਹਨ। ਉਸ ਤੋਂ ਬਿਨਾ ਝੂਠ ਹਨ।( ਬਿਨੁ ਬੂਝੇ ਮਿਥਿਆ ਸਭ ਭਏ।।) ਸਾਰੇ 'ਖੰਡ' 'ਬ੍ਰਹਿਮੰਡ' ਪਰਮਾਤਮਾ ਦੇ ਆਧਾਰ 'ਤੇ ਹੀ 'ਸੱਚੇ' ਹਨ।( ਸੱਚੇ 'ਤੇਰੇ' ਖੰਡ ਸੱਚੇ ਬ੍ਰਹਮੰਡ)

ਜੀਵਨ ਜਾਚ

# ਇਲਾਜ ਕਰਾਓ ਸ਼ੱਕ ਦਾ

ਸੁਖਮਿੰਦਰ ਸਿੰਘ ਸਹਿੰਸਰਾ

ਕਾਇਨਾਤ ਦੀ ਸਿਰਜੀ ਇਹ ਸੋਹਣੀ ਦੁਨੀਆਂ ਵਿਸ਼ਵਾਸ ਉੱਪਰ ਟਿਕੀ ਹੋਈ ਹੈ।ਵਿਸ਼ਵਾਸ ਸਹਾਰੇ ਹੀ ਜੀਵਨ ਚਲਦਾ ,ਫੁਲਦਾ ਅਤੇ ਪ੍ਰਵਾਨ ਚੜ੍ਹਦਾ ਹੈ।ਮਿੱਠੇ ਪਰਿਵਾਰਕ ਸਬੰਧਾਂ ਦਾ ਆਧਾਰ ਸਿਰਫ਼ ਤੇ ਸਿਰਫ਼ ਵਿਸ਼ਵਾਸ ਹੀ ਹੈ, ਪਰ ਕਈ ਵਾਰ ਕੀ ਹੁੰਦਾ ਹੈ ਕਿ ਜਿਵੇਂ ਦੁੱਧ ਵਿੱਚ ਖਟਾਈ ਦੀ ਇੱਕ ਬੂੰਦ ਪੈਣ ਨਾਲ ਦੁੱਧ ਫਟ ਜਾਂਦਾ ਹੈ ਉਵੇਂ ਹੀ ਖੁਸ਼ੀਆਂ ਭਰੇ ਪਰਿਵਾਰਕ ਜੀਵਨ ਵਿੱਚ ਸ਼ੱਕ ਦੀ ਜ਼ਰਾ ਜਿੰਨੀ ਗੁੰਜਾਇਸ਼ ਵੀ ਹਸਦੇ ਵਸਦੇ ਪਰਿਵਾਰਾਂ ਦੀ ਬਰਬਾਦੀ ਦਾ ਕਾਰਨ ਬਣ ਜਾਂਦੀ ਹੈ।ਮਿੱਠੇ ਰਿਸ਼ਤੇ ਜ਼ਹਿਰ ਨਾਲੋਂ ਵੀ ਕੌੜੇ ਜਾਪਣ ਲੱਗ ਜਾਂਦੇ ਹਨ।ਇੱਕ ਮਸ਼ਹੂਰ ਪੰਜਾਬੀ ਗੀਤ ਹੈ;- 'ਸ਼ੱਕ ਨਾ ਕਰੋ ਸੱਚ ਦਾ ਅੰਤ ਬੁਰਾ ਹੈ ਹੁੰਦਾ ਲੋਕੋ ਸ਼ੱਕ ਦਾ'

ਸ਼ੱਕੀ ਸੁਭਾਅ ਜਾਂ ਸ਼ੱਕੀ ਮਿਜ਼ਾਜ ਇੱਕ ਮਾਨਸਿਕ ਬਿਮਾਰੀ ਹੈ।ਘਰ ਪਰਿਵਾਰ ਦੇ ਕਿਸੇ ਮੈਂਬਰ ਜਾਂ ਕਿਸੇ ਹੋਰ ਦੂਜੇ ਵਿਅਕਤੀ ਪ੍ਰਤੀ ਬਿਨਾਂ ਕਿਸੇ ਠੋਸ ਵਜ੍ਹਾ ਤੋਂ ਮਨ ਵਿੱਚ ਪੈਦਾ ਹੋਇਆ ਬੇਲੋੜਾ ਜਾਂ ਗੈਰਜਰੂਰੀ ਸ਼ੱਕ ਇੱਕ ਮਾਨਸਿਕ ਰੋਗ ਹੈ। ਮਨੋਵਿਗਿਆਨ ਦੇ ਮਾਹਿਰ ਦੱਸਦੇ ਹਨ ਕਿ ਸ਼ੱਕੀ ਵਿਅਕਤੀਤਵ ਵਾਲੇ ਲੋਕ ਹਰ ਗੱਲ ’ਤੇ ਹਰ ਕੰਮ ਨੂੰ ਹੀ ਸ਼ੱਕ ਦੀ ਨਜ਼ਰ ਨਾਲ ਦੇਖਦੇ ਹਨ। ਆਪਣੇ ਸ਼ੱਕੀ ਸੁਭਾਅ ਕਾਰਨ ਇਹ ਲੋਕ ਕਿਸੇ ਵੀ ਤਰ੍ਹਾਂ ਦੀ ਜ਼ਿੰਮੇਵਾਰੀ ਲੈਣ ਤੋਂ ਵੀ ਕੰਨੀ ਕਤਰਾਉਂਦੇ ਹਨ।ਸ਼ੱਕੀ ਲੋਕ ਗੁੱਸੇ ਵਾਲੇ ਸੁਭਾਅ ਦੇ ਹੁੰਦੇ ਹਨ ਅਤੇ ਬਿਨਾਂ ਵਜ੍ਹਾ ਮਨ ਵਿੱਚ ਦੂਜਿਆਂ ਪ੍ਰਤੀ ਨਫ਼ਰਤ ਪਾਲਦੇ ਰਹਿੰਦੇ ਹਨ।ਸ਼ੱਕੀ ਵਿਅਕਤੀ ਨੂੰ ਬਿਨਾਂ ਕਾਰਨ ਹੀ ਇਹ ਡਰ ਲੱਗਿਆ ਰਹਿੰਦਾ ਹੈ ਕਿ ਦੂਸਰੇ ਲੋਕ ਉਸ ਨੂੰ ਜਾਣ ਬੁੱਝ ਕੇ ਦੁੱਖ ਦੇਣ, ਬੇਇੱਜ਼ਤ ਕਰਨ ਨੀਵਾਂ ਦਿਖਾਉਣ ਜਾਂ ਧੋਖਾ ਦੇਣ ਦਾ ਯਤਨ ਕਰਦੇ ਹਨ। ਪਰ ਇਨ੍ਹਾਂ ਸ਼ੱਕੀ ਕਿਸਮ ਦੇ ਬੰਦਿਆਂ ਕੋਲ ਇਸ ਗੱਲ ਦਾ ਕੋਈ ਸਬੂਤ ਨਹੀਂ ਹੁੰਦਾ । ਸ਼ੱਕੀ ਵਿਅਕਤੀਆਂ ਦੇ ਜ਼ਿਆਦਾ ਗਹਿਰੇ ਦੋਸਤ ਮਿੱਤਰ ਵੀ ਨਹੀਂ ਹੁੰਦੇ ਕਿਉਂਕਿ ਉਹ ਨਾ ਤਾਂ ਖ਼ੁਦ ਮਜ਼ਾਕ ਕਰਦੇ ਹਨ ਅਤੇ ਨਾ ਹੀ ਕਿਸੇ ਦੇ ਕੀਤੇ ਮਜ਼ਾਕ ਨੂੰ ਪਸੰਦ ਕਰਦੇ ਹਨ। ਪਰਿਵਾਰ ਨਾਲ ਵੀ ਇਨ੍ਹਾਂ ਦੇ ਚੰਗੇ ਸਬੰਧ ਨਹੀਂ ਬਣੇ ਰਹਿੰਦੇ।ਇਹ ਲੋਕ ਦੂਜਿਆਂ ਨਾਲ ਵੀ ਨਿੱਕੀ-ਨਿੱਕੀ ਗੱਲ ’ਤੇ ਈਰਖਾ ਕਰਦੇ ਹਨ। ਆਪਣੀਆਂ ਭਾਵਨਾਵਾਂ, ਆਪਣੇ ਵਿਚਾਰਾਂ ਜਾਂ ਮਨ ਦੇ ਵਲਵਲਿਆਂ ਨੂੰ ਖੁੱਲ੍ਹ ਕੇ ਪ੍ਰਗਟ ਨਹੀਂ ਕਰਦੇ। ਮਨੋਰੰਜਨ ਜਾਂ ਆਰਾਮ ਦੀ ਇਨ੍ਹਾਂ ਲਈ ਕੋਈ ਮਹੱਤਤਾ ਨਹੀਂ ਹੁੰਦੀ। ਸ਼ੱਕੀ ਸੁਭਾਅ ਵਾਲਾ ਆਦਮੀ ਸਦਾ ਹੀ ਨਵੇਂ ਲੋਕਾਂ ਨਾਲ ਘੁਲਣ-ਮਿਲਣ ਤੋਂ ਘਬਰਾਉਂਦਾ ਰਹਿੰਦਾ ਹੈ ਕਿ ਦੂਸਰੇ ਲੋਕ ਉਸ ਤੋਂ ਕੋਈ ਫਾਇਦਾ ਨਾ ਲੈ ਜਾਣ। ਸ਼ੱਕੀ ਸੁਭਾਅ ਦੇ ਨਾਲ ਨਾਲ ਅਜਿਹੇ ਵਿਅਕਤੀ ਬਹੁਤ ਹੀ ਸੰਵੇਦਨਸ਼ੀਲ ਵੀ ਹੁੰਦੇ ਹਨ।ਦੂਜਿਆਂ ਦੀ ਗੱਲ ਦਾ ਬਿਨਾਂ ਕਾਰਨ ਹੀ ਬੁਰਾ ਮਨਾ ਲੈਂਦੇ ਹਨ । ਦੂਜਿਆਂ ਵੱਲੋਂ ਮਜ਼ਾਕ ਵਿੱਚ ਵੀ ਬੋਲੇ ਗਏ ਉੱਚੇ ਨੀਵੇਂ ਸ਼ਬਦਾਂ ਨੂੰ ਵੀ ਕਰਦੇ ਨਹੀਂ ਭੁੱਲਦੇ।ਅਜਿਹੇ ਵਿਅਕਤੀ ਆਪਣੇ ਅਧਿਕਾਰਾਂ ਪ੍ਰਤੀ ਵੀ ਬੇਹੱਦ ਚੇਤੰਨ ਰਹਿੰਦੇ ਹਨ। ਆਪਣੇ ਆਪ ਨੂੰ ਬਹੁਤ ਮਹੱਤਵਪੂਰਨ ਸਮਝਦੇ ਹਨ।ਅਜਿਹੇ ਲੋਕ ਬਿਨ੍ਹਾਂ ਮਿਹਨਤ ਦੇ ਸਫਲਤਾ ਪਾਉਣਾ ਚਾਹੁੰਦੇ ਹਨ। ਅਲੱਗ ਤਰ੍ਹਾਂ ਦੇ ਪਹਿਰਾਵੇ ਨਾਲ ਵੀ ਦੂਜਿਆਂ ਨੂੰ ਖਿੱਚਣ ਦਾ ਯਤਨ ਕਰਦੇ ਰਹਿੰਦੇ ਹਨ। ਇਨ੍ਹਾਂ ਦੇ ਕੰਮਾਂ ਨੂੰ ਅਤੇ ਗੱਲਾਂ ਦਾ ਭਰੋਸਾ ਨਹੀਂ ਕੀਤਾ ਜਾ ਸਕਦਾ। ਇਹ ਲੋਕ ਬਿਨਾਂ ਕਾਰਨ ਬਹਿਸ ਕਰਦੇ ਹਨ। ਸ਼ੱਕੀ ਵਿਅਕਤੀ ਆਪਣੇ ਆਪ ਨੂੰ ਦੂਜਿਆਂ ਨਾਲੋਂ ਵਧੇਰੇ ਬੁੱਧੀਮਾਨ ਸਮਝਦੇ ਹਨ।ਇਨ੍ਹਾਂ ਦਾ ਵਿਚਾਰ ਹੁੰਦਾ ਹੈ ਕਿ ਦੂਜਿਆਂ ਵੱਲੋਂ ਰੋੜਾ ਅਟਕਾਉਣ ਕਾਰਨ ਹੀ ਇਨ੍ਹਾਂ ਦੀ ਪ੍ਰਤਿਭਾ ਦਾ ਸਹੀ ਮੁੱਲ ਨਹੀਂ ਪੈ ਰਿਹਾ ਜਾਂ ਪਛਾਣ ਨਹੀਂ ਹੋ ਰਹੀ। ਸ਼ੱਕੀ ਸੁਭਾਅ ਦੇ ਕਾਰਨ ਹੀ ਇਹ ਲੋਕ ਹਮੇਸ਼ਾਂ ਤਣਾਉ ਵਿੱਚ ਰਹਿੰਦੇ ਹਨ ।ਕਦੇ ਵੀ ਆਰਾਮ ਕਰਦੇ ਨਜ਼ਰ ਨਹੀਂ ਆਉਂਦੇ।ਇਹ ਜਿੱਥੇ ਵੀ ਜਾਂਦੇ ਹਨ ਵਾਤਾਵਰਨ ਦੀ ਨਿਗਰਾਨੀ ਕਰਦੇ ਰਹਿੰਦੇ ਹਨ ਕਿ ਕਿਤੇ ਉਨ੍ਹਾਂ ਵਿਰੁੱਧ ਕੋਈ ਸਾਜ਼ਿਸ਼ ਤਾਂ ਨਹੀਂ ਹੋ ਰਹੀ।ਅਜਿਹੇ ਮਰੀਜ਼ ਆਪਣੇ ਆਪ ਨੂੰ ਸਵੱਸਥ, ਆਪਣੇ ਵਿਚਾਰਾਂ ਨੂੰ ਤੰਦਰੁਸਤ ਅਤੇ ਵਿਵਹਾਰ ਨੂੰ ਸਹੀ ਸਮਝਦੇ ਹਨ। ਜੇਕਰ ਇਨ੍ਹਾਂ ਦਾ ਇਲਾਜ ਕਰਾਉਣ ਦੀ ਕੋਸ਼ਿਸ਼ ਕੀਤੀ ਜਾਵੇ ਤਾਂ ਉਸ ਗੱਲ ਨੂੰ ਵੀ ਸ਼ੱਕ ਦੀ ਨਜ਼ਰ ਨਾਲ ਦੇਖਦੇ ਹਨ। ਸ਼ੱਕੀ ਵਿਅਕਤੀਤਵ ਦੀ ਕੁਝ ਹੱਦ ਤੱਕ ਬਣਾਵਟ ਵੰਸ਼ ਵਿੱਚੋਂ ਹੀ ਹੁੰਦੀ ਹੈ। ਸ਼ੱਕੀ ਸੁਭਾਅ ਵਾਲੇ ਮਾਨਸਿਕ ਰੋਗੀਆਂ ਨੂੰ ਠੀਕ ਰਸਤੇ ’ਤੇ ਲਿਆਉਣ ਲਈ ਪਰਿਵਾਰਕ ਮੈਂਬਰਾਂ ਨੂੰ ਬਹੁਤ ਧੀਰਜ ਤੋਂ ਕੰਮ ਲੈਣਾ ਚਾਹੀਦਾ ਹੈ। ਸ਼ੱਕੀ ਸੁਭਾਅ ਪੂਰੀ ਤਰ੍ਹਾਂ ਇੱਕ ਮਨੋਰੋਗ ਹੀ ਹੈ। ਮਨੋਰੋਗ ਚਿਕਿਤਸਕ ਤੋਂ ਸਲਾਹ ਲੈ ਕੇ ਮਰੀਜ਼ ਦਾ ਠੀਕ ਤਰ੍ਹਾਂ ਨਾਲ ਇਲਾਜ ਕਰਾਉਣ ਚਾਹੀਦਾ ਹੈ। ਮਾਨਸਿਕ ਰੋਗੀਆਂ ਦਾ ਪੂਰਨ ਮਾਨਸਿਕ ਵਿਸ਼ਲੇਸ਼ਣ ਕਰਕੇ ਇਨ੍ਹਾਂ ਦੇ ਮਨ ਵਿੱਚ ਸਮਾਏ ਅੰਤਰ ਦਵੰਦ,ਹੀਣ ਭਾਵਨਾਵਾਂ, ਗ਼ਲਤ ਵਿਚਾਰਾਂ ਦਾ ਪਤਾ ਲਾ ਕੇ ਉਨ੍ਹਾਂ ਨੂੰ ਉਸਾਰੂ ਦਿਸ਼ਾਂ ਦੇਣ ਦਾ ਯਤਨ ਕਰਦੇ ਹਨ। ਮਨੋਰੋਗ ਚਿਕਿਤਸਕ ਉਨ੍ਹਾਂ ਨੂੰ ਦ੍ਰਿੜਤਾ ਨਾਲ ਵਿਸ਼ਵਾਸ ਦਿਵਾਉਂਦੇ ਹਨ ਕਿ ਉਨ੍ਹਾਂ ਦੀ ਸੋਚ ਤੇ ਵਿਚਾਰ ਦੀ ਸਹੀ ਦਿਸ਼ਾ ਕੀ ਹੋਣੀ ਚਾਹੀਦੀ ਹੈ। ਇਸ ਪ੍ਰਕਾਰ ਸਹੀ ਮਾਨਸਿਕ ਵਿਸ਼ਲੇਸ਼ਣ ਅਤੇ ਦਵਾਈ ਦੇ ਕੇ ਅਜਿਹੇ ਲੋਕਾਂ ਦਾ ਇਲਾਜ ਕੀਤਾ ਜਾ ਸਕਦਾ ਹੈ।

-('ਪੰਜਾਬੀ ਟ੍ਰਿਬਿਊਨ' ਚੋਂ ਧੰਨਵਾਦ ਸਹਿਤ)

## ਦਾਨੀ ਪੁਰਸ਼ਾਂ ਦਾ ਧੰਨਵਾਦ

- ਸ਼੍ਰੀਮਤੀ ਗਗਨਪ੍ਰੀਤ ਕੌਰ ਸੈਣੀ 2100/- ਰੁ:
  ਪਤਨੀ ਐਡਵੋਕੇਟ ਸ਼੍ਰੀ ਅਮਰ ਰਾਜ ਸੈਣੀ
- ਸ਼੍ਰੀਮਤੀ ਕੌਸ਼ਲਿਆ ਦੇਵੀ ਰੂਪਨਗਰ 1000/- ਰੁ:

ਪ੍ਰਸ਼ਨੋਤਰੀ

# ਆਓ ਆਪਣੇ ਗਿਆਨ ਦੀ ਪਰਖ ਕਰੀਏ

ਨਿਮਨ ਪ੍ਰਸ਼ਨਾਵਲੀ ਇਸ ਮੈਗਜ਼ੀਨ ਦੇ ਅੰਕਾਂ 24-27 ਵਿੱਚ ਦਿੱਤੇ ਲੇਖਾਂ ਵਿੱਚੋਂ ਤਿਆਰ ਕੀਤੀ ਗਈ ਹੈ। ਹਰ ਪ੍ਰਸ਼ਨ ਹੇਠ ਦਿੱਤੇ ਚਾਰ ਉੱਤਰਾਂ ਵਿੱਚੋਂ ਸਹੀ ਇੱਕ ਨੂੰ ਟਿੱਕ ਕੀਤਾ ਜਾਵੇ। ਹਰ ਸਹੀ ਉੱਤਰ ਦਾ ਇੱਕ ਅੰਕ ਹੈ। ਵੱਧ ਅੰਕ ਪ੍ਰਾਪਤ ਕਰਨ ਵਾਲੇ ਤਿੰਨ ਪਾਠਕਾਂ ਨੂੰ ਸਾਲ 2018 ਦੇ ਸਾਲਾਨਾ ਸੈਣੀ ਸਮਾਗਮ ਸਮੇ ਸਨਮਾਨਿਤ ਕੀਤਾ ਜਾਵੇਗਾ।

1. ਸੈਣੀ ਬਰਾਦਰੀ ਦੇ ਕਿਸ ਵਿਅਕਤੀ ਨੂੰ 'ਰਾਇ ਬਹਾਦਰ' ਦਾ ਖਿਤਾਬ ਮਿਲਿਆ ਸੀ?
   ੳ. ਚੌ. ਜਵਾਹਰ ਸਿੰਘ ਅ. ਚੌ. ਬਲਬੀਰ ਸਿੰਘ ੲ. ਸ. ਸੁਜਾਨ ਸਿੰਘ ਸ. ਚੌ. ਦੀਵਾਨ ਚੰਦ
2. ਸਾਲ 2016 ਦੇ ਸਾਲਾਨਾ ਸਿੱਖਿਆ ਸਮਾਗਮ ਸਮੇ ਵਜ਼ੀਫ਼ਿਆਂ ਦੀ ਕਿੰਨੀ ਰਾਸ਼ੀ ਵੰਡੀ ਗਈ ਸੀ?
   ੳ. 648400/ ਅ. 480900/ ੲ. 580000/ ਸ. 608200/
3. ਭਾਰਤ ਦਾ ਵਿਸ਼ਵਪ੍ਰਸਿੱਧ ਗਣਿਤਸ਼ਾਸਤ੍ਰੀ ਕੌਣ ਹੋਇਆ ਹੈ?
   ੳ. ਪ੍ਰੋ. ਯਸ਼ਪਾਲ ਅ. ਰਾਮਾਨੁਜਨ ੲ. ਏ.ਪੀ.ਜੇ.ਕਲਾਮ ਸ. ਸੀ.ਵੀ.ਰਮਨ
4. ਸਾਲ 2016 ਦਾ ਸ਼ਾਂਤੀ ਨੋਬਲ ਪੁਰਸਕਾਰ ਕਿਸ ਨੂੰ ਮਿਲਿਆ ਹੈ?
   ੳ. ਮਲਾਲਾ ਯੂਸਫ਼ਜ਼ਈ ਅ. ਬਰਾਕ ਓਬਾਮਾ ੲ. ਯੂਆ ਮੈਨੁਅਲ ਸਾਂਤੋਸ਼ ਸ. ਡਾ ਮਨਮੋਹਨ ਸਿੰਘ
5. ਪੰਜਾਬ ਵਿਧਾਨ ਸਭਾ ਵਿੱਚ ਸੈਣੀ ਬਰਾਦਰੀ ਦਾ ਕਿਹੜਾ ਐਮ.ਐਲ.ਏ ਹੈ?
   ੳ. ਤਰਸੇਮ ਸੈਣੀ ਅ. ਅੰਗਦ ਸੈਣੀ ੲ. ਸੁਖਪਾਲ ਸਿੰਘ ਨਨੂਆਂ ਸ. ਗੁਰਇਕਬਾਲ ਕੌਰ
6. ਪਟਿਆਲਾਵਾਸੀ ਪ੍ਰੋ ਮਲਕੀਅਤ ਸਿੰਘ ਸੈਣੀ ਪਾਸ ਕਿਹੜੀ ਉੱਚ -ਡਿਗਰੀ ਹੈ?
   ੳ. ਐਮ.ਫਿਲ. ਅ. ਪੀ.ਐਚ.ਡੀ. ੲ. ਡੀ.ਐਸ.ਸੀ. ਸ. ਡੀ.ਲਿੱਟ
7. ਸੈਣੀ ਬਰਾਦਰੀ ਦੇ ਕਿਸ ਐਥਲੀਟ ਨੇ ਰੀਓ ਓਲੰਪਿਕਸ ਲਈ ਕੁਆਲੀਫਾਈ ਕੀਤਾ ਸੀ?
   ੳ. ਬਲਜੀਤ ਸਿੰਘ ਅ. ਰੂਪਾ ਸੈਣੀ ੲ. ਮਿਲਖਾ ਸਿੰਘ ਸ. ਇੰਦਰਜੀਤ ਸਿੰਘ
8. 2016 ਦੇ ਸਾਲਾਨਾ ਸੈਣੀ ਸੰਮੇਲਨ ਦਾ ਮੁੱਖ ਮਹਿਮਾਨ ਕੌਣ ਸੀ?
   ੳ. ਚਰਨਜੀਤ ਸਿੰਘ ਚੰਨੀ ਅ. ਕਮਲ ਚੌਧਰੀ ੲ. ਰਾਜ ਕੁਮਾਰ ਸੈਣੀ ਸ. ਅੰਗਦ ਸੈਣੀ
9. ਕਿਹੜਾ ਸੈਣੀ ਭਾਰਤ ਦੇ ਕਿਸੇ ਰਾਸ਼ਟਰਪਤੀ ਦਾ ਨਿਜੀ ਸੁਰੱਖਿਆ ਅਧਿਕਾਰੀ ਰਿਹਾ?
   ੳ. ਬ੍ਰਿਗੇ.ਦਿਲਬਾਗ ਸਿੰਘ ਅ. ਐਲ.ਆਰ.ਮੁੰਦਰਾ ੲ. ਲੈਫ. ਕਰਨਲ ਜੀ.ਆਰ.ਸੈਣੀ ਸ. ਬ੍ਰਿਗੇ. ਬਲਵਿੰਦਰ ਸਿੰਘ
10. ਹਰਜੀਤ ਸਿੰਘ ਸੱਜਣ ਕਿਸ ਦੇਸ਼ ਦਾ ਮੰਤਰੀ ਹੈ?
    ੳ. ਭਾਰਤ ਅ. ਅਮਰੀਕਾ ੲ. ਇੰਗਲੈਂਡ ਸ. ਕੈਨੇਡਾ
11. ਫਿਲਮ'ਦ ਬਲੈਕ ਪ੍ਰਿਂਸ' ਦਾ ਹੀਰੋ ਕੌਣ ਹੈ?
    ੳ. ਦਲਜੀਤ ਦੁਸਾਂਝ ਅ. ਗੁਰਪ੍ਰੀਤ ਸੁਰਾਪੁਰੀ ੲ. ਸਤਿੰਦਰ ਸਰਤਾਜ ਸ. ਗੁਰਦਾਸ ਮਾਨ
12. ਹਰਗੁਣਦੀਪ ਸਿੰਘ ਸੈਣੀ ਕਿਸ ਪੱਦਵੀ 'ਤੇ ਬਿਰਾਜਮਾਨ ਹੈ?
    ੳ. ਐਮ.ਐਲ.ਏ. ਅ. ਐਮ.ਪੀ. ੲ. ਸੈਨੇਟਰ ਸ. ਵੀ.ਸੀ.
13. ਇੰਗਲੈਂਡ ਦਾ ਪਹਿਲਾ ਪਗੜੀਧਾਰੀ ਸਿੱਖ ਐਮ.ਪੀ. ਕੌਣ ਬਣਿਆਂ?
    ੳ. ਤਰਨਜੀਤ ਸਿੰਘ ਢੇਸੀ ਅ. ਹਰਜੀਤ ਸਿੰਘ ਸੱਜਣ ੲ. ਜਸਵੀਰ ਸਿੰਘ ਸ. ਬਲਵੰਤ ਸਿੰਘ
14. ਪੁਲਾੜ ਯਾਤਰੀ ਵਜੋਂ ਚੁਣੀ ਗਈ ਜਸਲੀਨ ਕੌਰ ਕਿਸ ਸ਼ਹਿਰ ਦੀ ਵਸਨੀਕ ਹੈ?
    ੳ. ਚੰਡੀਗੜ੍ਹ ਅ. ਕੁਰੂਕਸ਼ੇਤਰ ੲ. ਦਿੱਲੀ ਸ. ਬੰਬਈ
15. 'ਸੈਣੀ ਸੰਸਾਰ' ਦਾ 26ਵਾਂ ਅੰਕ ਕਿਸ ਨੇ ਰਿਲੀਜ਼ ਕੀਤਾ?
    ੳ. ਸੰਤ ਅਵਤਾਰ ਸਿੰਘ ਅ. ਚਰਨਜੀਤ ਸਿੰਘ ਚੰਨੀ ੲ. ਦਲਜੀਤ ਸਿੰਘ ਚੀਮਾ ਸ. ਬ੍ਰਿਗੇ. ਬਲਵਿੰਦਰ ਸਿੰਘ
16. ਸੈਣੀ ਭਵਨ ਦੇ ਕਿਸ ਦਾਨੀ ਪੁਰਸ਼ ਦਾ 100ਵਾਂ ਜਨਮ ਦਿਨ ਮਨਾਇਆ ਗਿਆ?
    ੳ. ਐਲ.ਆਰ. ਮੁੰਦਰਾ ਅ. ਬਲਦੇਵ ਸਿੰਘ ਮੁੰਦਰਾ ੲ. ਹਰਦੇਵ ਸਿੰਘ ਸ. ਜੀ.ਆਰ. ਸੈਣੀ
17. ਸਾਕਾ ਸਰਹੰਦ ਕਿਸ ਸਾਲ ਵਾਪਰਿਆ?
    ੳ. 1604 ਅ. 1704 ੲ. 1699 ਸ. 1715
18. ਬਾਸਕਟਬਾਲ ਖਿਡਾਰੀ ਸਤਨਾਮ ਸਿੰਘ ਕਿਸ ਦੇਸ਼ ਵਿੱਚ ਖੇਡਦਾ ਹੈ?
    ੳ. ਭਾਰਤ ਅ. ਇੰਗਲੈਂਡ ੲ. ਕੈਨੇਡਾ ਸ. ਅਮਰੀਕਾ
19. ਹਰਿਆਣਾ ਪੰਜਾਬੀ ਸਾਹਿਤ ਅਕੈਡਮੀ ਨੇ ਹੁਣੇ ਹੁਣੇ ਕਿਸ ਸੈਣੀ ਸਾਹਿਤਕਾਰ ਨੂੰ ਸਨਮਾਨਿਤ ਕੀਤਾ ਹੈ?
    ੳ. ਬਲਬੀਰ ਸਿੰਘ ਸੈਣੀ ਅ. ਡਾ. ਜਸਵੰਤ ਕੌਰ ਸੈਣੀ ੲ. ਮਨਜੀਤ ਕੌਰ ਅੰਬਾਲਵੀ ਸ. ਡਾ. ਕੁਲਵੰਤ ਕੌਰ
20. ਪੀ.ਵੀ.ਸਿੰਧੂ ਕਿਸ ਖੇਡ ਦੀ ਖਿਡਾਰਨ ਹੈ?
    ੳ. ਹਾਕੀ ਅ. ਟੇਬਲ ਟੈਨਿਸ ੲ. ਲਾਅਨ ਟੈਨਿਸ ਸ. ਬੈਡਮਿੰਟਨ

ਮੈਗਜ਼ੀਨ ਦੇ ਅਸਲ ਪੰਨੇ 'ਤੇ ਸਹੀ ਉੱਤਰਾਂ ਨੂੰ ਟਿੱਕ ਕਰਕੇ ਸੈਣੀ ਭਵਨ ਰੂਪਨਗਰ ਦੇ ਦਫਤਰ ਵਿੱਚ 15 ਮਾਰਚ 2018 ਤੱਕ ਭੇਜੇ ਜਾਣ।



## ਮਜ਼ਹਬ

ਜਸਵੰਤ ਸਿੰਘ ਜਗੈਤ
ਕੈਗਲਰੀ (ਕੈਨੇਡਾ)

ਸ਼ੈਤਾਨਾਂ ਦੇ ਵਰਗਲਾਇਆਂ, ਅੱਗੇ
ਜੰਨਤ ਦਾ ਨਾ ਇਲਹਾਮ ਕਰੀਏ।
ਜੰਨਤ ਦਾ ਤਾਂ ਹੋ ਵਾਸਾ ਇੱਥੇ ਹੀ
ਕੰਠ ਅੱਲਾ ਦਾ ਫੁਰਮਾਨ ਕਰੀਏ।

ਮਜ਼ਹਬ ਨਾ ਸਿਖਾਏ ਜੱਗ 'ਤੇ ਕਿਸੇ ਨੂੰ
ਆਪਸ ਵਿਚ ਵੈਰ ਵਿਰੋਧ ਰੱਖਣਾ,
ਜੀਵਨ ਦੀ ਜਾਚ ਮਜ਼ਹਬ ਦੱਸਦਾ,
ਜ਼ਹਿਰ ਅਤੇ ਨਫ਼ਰਤ ਗੁਲਾਮ ਕਰੀਏ।

ਭਗਵਾਨ ਧਰਮ ਦੀ ਲਾ ਕੇ ਮੋਹਰ
ਇਸ ਧਰਤੀ 'ਤੇ ਨਾ ਭੇਜੇ ਕਿਸੇ ਨੂੰ,
ਧਰਮਾਂ ਦੀ ਨਾਵਾਂ ਨਾਲ ਨਿੱਜ ਹੀ
ਨਾ ਮੋਹਰ ਲਾ ਸੰਗਰਾਮ ਕਰੀਏ।

ਸਰਬਤ ਸ੍ਰਿਸ਼ਟੀ ਹੈ ਸਤਿਗੁਰ ਜਾਈ
ਇਨਸਾਨੀਅਤ ਹੋਵੇ ਧਰਮ ਇੱਕੋ,
ਫਿਰ ਧਰਮ ਵੰਡ ਕੇ ਜਿਹੜੇ ਲੜਦੇ
ਉਨ੍ਹਾਂ ਦਾ ਨਾ ਸੱਚਾ ਨਾਮ ਕਰੀਏ।

ਗੌਡ ਅੱਲਾ ਭਗਵਾਨ ਤੇ ਵਾਹਿਗੁਰੂ
ਸਭਨਾ ਨਾਵਾਂ ਦੀ ਪਹਿਚਾਣ ਇੱਕੋ,
ਸੰਕੀਰਨ ਮਜ਼ਹਬੀ ਸਿਆਸਤ ਛੱਡ ਕੇ
ਵਾਹਿਗੁਰੂ, ਜੀ,ਹਾਇ ਸਲਾਮ ਕਰੀਏ।

ਹੁੰਦਾ ਅਨਿਆਂ "ਜਗੈਤ" ਦੇਖਣ 'ਤੇ
ਧਰਮੀ ਦਾ ਖੌਲ ਲਹੂ ਹੈ ਉੱਠਦਾ,
ਤਾਂ ਮੌਲਣ ਦੇਣਾ ਪ੍ਰੇਮਾ-ਭਗਤੀ
ਖੁਸ਼ਹਾਲੀ ਰੱਬ ਦੇ ਨਾਮ ਕਰੀਏ।

❋ ❋ ❋ ❋ ❋

## ਇਹ ਸਨ ਸੱਚੇ ਲੋਕ ਸੇਵਕ

ਇਹ ਸਨ ਸੱਚੇ ਲੋਕ ਸੇਵਕ

ਲੋਕ ਸਭਾ ਮੈਂਬਰ ਕਾਮਰੇਡ ਤੇਜਾ ਸਿੰਘ ਦੀ ਜਦੋਂ 12 ਅਪ੍ਰੈਲ 1973 ਨੂੰ ਸੰਸਦ ਦੇ ਸੈਸ਼ਨ ਦੌਰਾਨ ਦੌਰਾ ਪੈਣ ਨਾਲ ਮੌਤ ਹੋਈ ਤਾਂ ਉਸ ਦੀ ਜੇਬ੍ਹ ਵਿੱਚੋਂ ਦੁਪਹਿਰ ਦੇ ਭੋਜਨ ਲਈ ਡਬਲ ਰੋਟੀ ਦਾ ਇੱਕ ਟੁਕੜਾ ਮਿਲਿਆ।

## ਨਾਰੀ ਸ਼ਕਤੀ ਦੀਆਂ ਪ੍ਰਤੀਕ ਮੁਟਿਆਰਾਂ

• ਜਾਪਾਨ ਦੇ ਸ਼ਹਿਰ ਕਾਕਾਮਿਗਹਾਰਾ ਵਿਖੇ 5 ਜੂਨ 2017 ਨੂੰ ਏਸ਼ੀਆ ਮਹਿਲਾ ਹਾਕੀ ਚੈਂਪੀਅਨਸ਼ਿਪ ਦੇ ਫਾਈਨਲ ਮੈਚ ਵਿੱਚ ਚੀਨ ਦੀ ਟੀਮ ਨੂੰ 5-4 ਗੋਲਾਂ ਨਾਲ ਹਰਾ ਕੇ ਭਾਰਤੀ ਲੜਕੀਆਂ ਨੇ 13 ਸਾਲ ਬਾਅਦ ਇਹ ਚੈਂਪੀਅਨਸ਼ਿਪ ਜਿੱਤੀ ਹੈ। ਇਸ ਨਾਲ ਇਹ ਟੀਮ ਵਿਸ਼ਵ ਮਹਿਲਾ ਹਾਕੀ ਚੈਂਪੀਅਨਸ਼ਿਪ ਵਿੱਚ ਖੇਡਣ ਲਈ ਕੁਆਲੀਫਾਈ ਕਰ ਗਈ ਹੈ।ਇਹ ਵੀ ਮਾਣ ਦੀ ਗੱਲ ਹੈ ਕਿ ਪੂਰੀ ਚੈਂਪੀਅਨਸ਼ਿਪ ਦੌਰਾਨ ਇਹ ਟੀਮ ਕਿਸੇ ਤੋਂ ਵੀ ਨਹੀਂ ਹਾਰੀ।

• ਭਾਰਤ ਦੇ ਉੱਤਰ-ਪੁਰਬੀ ਸੂਬੇ ਮਨੀਪੁਰ ਦੀ ਮੀਰਾਬਾਈ ਚਾਨੂੰ ਨੇ 30 ਨਵੰਬਰ 2017 ਨੂੰ ਦਿੱਲੀ ਵਿਖੇ ਹੋਈ ਵ੍ਹੇਟਲਿਫਟਿੰਗ ਵਿਸ਼ਵਸ਼ਿਪ ਵਿੱਚ ਸੋਨ ਤਮਗਾ ਜਿੱਤ ਕੇ ਇਤਿਹਾਸ ਸਿਰਜਿਆ ਹੈ। ਭਾਰਤ ਨੂੰ ਇਹ ਪ੍ਰਾਪਤੀ 22 ਸਾਲਾਂ ਬਾਅਦ ਹਾਸਲ ਹੋਈ ਹੈ। ਇਸ ਤੋਂ ਪਹਿਲਾਂ 1995 ਵਿੱਚ ਕਰਨਮ ਮਹੇਸ਼ਵਰੀ ਨੇ ਇਹ ਚੈਂਪੀਅਨਸ਼ਿਪ ਜਿੱਤੀ ਸੀ।ਉਸ ਨੇ 48 ਕਿੱਲੋ ਭਾਰ ਵਰਗ ਵਿੱਚ 194 ਕਿੱਲੋ ਭਾਰ ਚੁੱਕ ਕੇ ਨਵਾਂ ਕੌਮੀ ਰਿਕਾਰਡ ਬਣਾਇਆ ਹੈ।

• ਮਨੀਪੁਰ ਦੀ ਹੀ 35 ਸਾਲਾ ਮੇਰੀ ਕੌਮ ਨੇ ਵੀਅਤਨਾਮ ਵਿਖੇ ਨਵੰਬਰ 2017 ਵਿੱਚ ਆਯੋਜਿਤ ਏਸ਼ੀਅਨ ਮਹਿਲਾ ਮੁੱਕੇਬਾਜ਼ੀ ਚੈਂਪੀਅਨਸ਼ਿਪ ਵਿੱਚ ਸੋਨ ਤਮਗਾ ਜਿੱਤਿਆ ਹੈ।ਇਸ ਤੋਂ ਪਹਿਲਾਂ ਮੇਰੀ ਰੀਓ ਓਲੰਪਿਕਸ ਵਿੱਚ ਕਾਂਸੀ ਤਮਗਾ ਅਤੇ ਪੰਜ ਵਾਰ ਵਿਸ਼ਵ ਚੈਂਪੀਅਨਸ਼ਿਪ ਜਿੱਤ ਚੁੱਕੀ ਹੈ।ਇਹ ਵਰਨਣਯੋਗ ਹੈ ਕਿ ਮੇਰੀ ਕੌਮ ਤਿੰਨ ਬੱਚਿਆਂ ਦੀ ਮਾਂ ਹੈ ਅਤੇ ਕਬਾਇਲੀ ਬੱਚਿਆਂ ਨੂੰ ਪੜ੍ਹਾਉਂਦੀ ਹੈ।ਉਹ ਸਰਗਰਮ ਸੰਸਦ ਮੈਂਬਰ ਵੀ ਹੈ।

• ਹਰਿਆਣਾ ਸੂਬੇ ਦੀ ਸੋਨੀਆਂ ਲਾਠਰ ਨੇ 2017 ਦੀ ਏਸ਼ੀਅਨ ਮਹਿਲਾ ਮੁੱਕੇਬਾਜ਼ੀ ਵਿੱਚ ਚਾਂਦੀ ਤਮਗਾ ਜਿੱਤ ਕੇ ਦੇਸ਼ ਦਾ ਮਾਣ ਵਧਾਇਆ ਹੈ। ਉਹ ਵੀ ਘਰ ਗ੍ਰਹਿਸਥੀ ਹੈ।

• ਭਾਰਤੀ ਮੁੱਕੇਬਾਜ਼ ਕੁੜੀਆਂ ਨੇ ਵਰਲਡ ਵਿਮੈਨ ਯੂਥ ਬਾਕਸਿੰਗ ਚੈਂਪੀਅਨਸ਼ਿਪ 2017 ਵਿੱਚ ਪਹਿਲੀ ਵੇਰ ਪੰਜ ਸੋਨ ਤਮਗੇ ਜਿੱਤ ਕੇ ਆਪਣੇ ਦੇਸ਼ ਨੂੰ ਓਵਰਆਲ ਚੈਂਪੀਅਨ ਬਣਾਇਆ ਹੈ।ਇਹ ਹੋਣਹਾਰ ਖਿਡਾਰਨਾਂ ਹਨ-ਨੀਤੂ(48 ਕਿਲੋਗ੍ਰਾਮ), ਜਿਓਤੀ ਗੁਲੀਆ(51 ਕਿਲੋਗ੍ਰਾਮ), ਸਾਕਸ਼ੀ ਚੌਧਰੀ(54 ਕਿਲੋਗ੍ਰਾਮ), ਸ਼ਸ਼ੀ ਚੋਪੜਾ(57 ਕਿਲੋਗ੍ਰਾਮ) ਅਤੇ ਅੰਕੁਸ਼ਿਤਾ ਬੋਰੋ(64 ਕਿਲੋਗ੍ਰਾਮ)।

• ਹਰਿਆਣਾ ਦੀ ਮਾਨੁਸ਼ੀ ਛਿੱਲਰ ਨੇ ਚੀਨ ਦੇ ਸਾਨਿਆ ਸਿਟੀ ਐਰੀਨਾ ਵਿੱਚ ਹੋਏ ਮੁਕਾਬਲੇ ਵਿੱਚ ਵਿਸ਼ਵ ਸੁੰਦਰੀ (ਮਿਸ ਵਰਲਡ),2017 ਦਾ ਖਿਤਾਬ ਜਿੱਤਿਆ ਹੈ। ਇਸ ਵਿੱਚ ਭਿੰਨ ਭਿੰਨ ਦੇਸ਼ਾਂ ਦੀਆਂ 121 ਸੁੰਦਰੀਆਂ ਨੇ ਭਾਗ ਲਿਆ। ਭਾਰਤ ਨੂੰ ਇਹ ਮਾਣ 17 ਸਾਲਾਂ ਬਾਅਦ ਹਾਸਲ ਹੋਇਆ ਹੈ। ਮਾਨੁਸ਼ੀ ਮਹਿਲਾ ਮੈਡੀਕਲ ਕਾਲਜ ਖਾਨਪੁਰ ਕਲਾਂ ਵਿੱਚ ਮੈਡੀਕਲ ਦੀ ਪੜ੍ਹਾਈ ਕਰ ਰਹੀ ਹੈ।

# SAINI BHAWAN, RUPNAGAR

## 2018

### JANUARY

| | | | | | |
|---|---|---|---|---|---|
| SUN | | 7 | S | 21 | 28 |
| MON | 1 | 8 | 15 | 22 | 29 |
| TUE | P | 9 | M | 23 | 30 |
| WED | 3 | 10 | M | 24 | P |
| THU | 4 | 11 | 18 | 25 | |
| FRI | 5 | 12 | 19 | 26 | |
| SAT | 6 | 13 | 20 | 27 | |

### FEBRUARY

| | | | | | |
|---|---|---|---|---|---|
| SUN | | 4 | 11 | 18 | 25 |
| MON | | 5 | S | 19 | 26 |
| TUE | | 6 | 13 | 20 | 27 |
| WED | | 7 | 14 | 21 | 28 |
| THU | 1 | 8 | M | 22 | |
| FRI | 2 | 9 | 16 | 23 | |
| SAT | 3 | 10 | 17 | 24 | |

### MARCH

| | | | | | |
|---|---|---|---|---|---|
| SUN | | 4 | 11 | 18 | 25 |
| MON | | 5 | 12 | 19 | 26 |
| TUE | | 6 | 13 | 20 | 27 |
| WED | | 7 | S | 21 | 28 |
| THU | P | 8 | 15 | 22 | 29 |
| FRI | 2 | 9 | 16 | 23 | 30 |
| SAT | 3 | 10 | M | 24 | P |

### APRIL

| | | | | | |
|---|---|---|---|---|---|
| SUN | 1 | 8 | M | 22 | 29 |
| MON | 2 | 9 | M | 23 | P |
| TUE | 3 | 10 | 17 | 24 | |
| WED | 4 | 11 | 18 | 25 | |
| THU | 5 | 12 | 19 | 26 | |
| FRI | 6 | 13 | 20 | 27 | |
| SAT | 7 | S | 21 | 28 | |

### MAY

| | | | | | |
|---|---|---|---|---|---|
| SUN | | 6 | 13 | 20 | 27 |
| MON | | 7 | S | 21 | 28 |
| TUE | 1 | 8 | M | 22 | P |
| WED | 2 | 9 | 16 | 23 | 30 |
| THU | 3 | 10 | 17 | 24 | 31 |
| FRI | 4 | 11 | 18 | 25 | |
| SAT | 5 | 12 | 19 | 26 | |

### JUNE

| | | | | | |
|---|---|---|---|---|---|
| SUN | | 3 | 10 | 17 | 24 |
| MON | | 4 | 11 | 18 | 25 |
| TUE | | 5 | 12 | 19 | 26 |
| WED | | 6 | M | 20 | 27 |
| THU | | 7 | 14 | 21 | P |
| FRI | 1 | 8 | S | 22 | 29 |
| SAT | 2 | 9 | 16 | 23 | 30 |

### JULY

| | | | | | |
|---|---|---|---|---|---|
| SUN | 1 | 8 | 15 | 22 | 29 |
| MON | 2 | 9 | S | 23 | 30 |
| TUE | 3 | 10 | 17 | 24 | 31 |
| WED | 4 | 11 | 18 | 25 | |
| THU | 5 | 12 | 19 | 26 | |
| FRI | 6 | M | 20 | P | |
| SAT | 7 | 14 | 21 | 28 | |

### AUGUST

| | | | | | |
|---|---|---|---|---|---|
| SUN | | 5 | 12 | 19 | P |
| MON | | 6 | 13 | 20 | 27 |
| TUE | | 7 | 14 | 21 | 28 |
| WED | 1 | 8 | 15 | 22 | 29 |
| THU | 2 | 9 | 16 | 23 | 30 |
| FRI | 3 | 10 | S | 24 | 31 |
| SAT | 4 | M | 18 | 25 | |

### SEPTEMBER

| | | | | | |
|---|---|---|---|---|---|
| SUN | 30 | 2 | M | 16 | 23 |
| MON | | 3 | 10 | S | 24 |
| TUE | | 4 | 11 | 18 | P |
| WED | | 5 | 12 | 19 | 26 |
| THU | | 6 | 13 | 20 | 27 |
| FRI | | 7 | 14 | 21 | 28 |
| SAT | 1 | 8 | 15 | 22 | 29 |

### OCTOBER

| | | | | | |
|---|---|---|---|---|---|
| SUN | | 7 | 14 | 21 | 28 |
| MON | 1 | 8 | 15 | 22 | 29 |
| TUE | 2 | M | 16 | 23 | 30 |
| WED | 3 | 10 | S | P | 31 |
| THU | 4 | 11 | 18 | 25 | |
| FRI | 5 | 12 | 19 | 26 | |
| SAT | 6 | 13 | 20 | 27 | |

### NOVEMBER

| | | | | | |
|---|---|---|---|---|---|
| SUN | | 4 | 11 | 18 | 25 |
| MON | | 5 | 12 | 19 | 26 |
| TUE | | 6 | 13 | 20 | 27 |
| WED | | M | 14 | 21 | 28 |
| THU | 1 | 8 | 15 | 22 | 29 |
| FRI | 2 | 9 | S | P | 30 |
| SAT | 3 | 10 | 17 | 24 | |

### DECEMBER

| | | | | | |
|---|---|---|---|---|---|
| SUN | 30 | 2 | 9 | S | 23 |
| MON | 31 | 3 | 10 | 17 | 24 |
| TUE | | 4 | 11 | 18 | 25 |
| WED | | 5 | 12 | 19 | 26 |
| THU | | 6 | 13 | 20 | 27 |
| FRI | | M | 14 | 21 | 28 |
| SAT | 1 | 8 | 15 | P | 29 |

## ਪੰਜਾਬ ਸਰਕਾਰ ਵੱਲੋਂ 2018 ਦੀਆਂ ਛੁੱਟੀਆਂ

### ਗਜ਼ਟਿਡ ਛੁੱਟੀਆਂ

| | |
|---|---|
| Jan 05 | ਜਨਮ ਦਿਹਾੜਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ |
| Jan 22 | ਬਸੰਤ ਪੰਚਮੀ |
| Jan 26 | ਗਣਤੰਤਰ ਦਿਵਸ |
| Jan 31 | ਜਨਮ ਦਿਹਾੜਾ ਸ੍ਰੀ ਗੁਰੂ ਰਵੀ ਦਾਸ ਜੀ |
| Feb.14 | ਮਹਾਂ ਸ਼ਿਵਰਾਤਰੀ |
| Mar 02 | ਹੋਲੀ |
| Mar 29 | ਮਹਾਂਵੀਰ ਜੈਅੰਤੀ |
| Mar 30 | ਗੁੱਡ ਫਰਾਈਡੇ |
| Apr 14 | ਵਿਸਾਖੀ, ਡਾ. ਅੰਬੇਦਕਰ ਜਯੰਤੀ |
| Jun 16 | ਈਦ ਉਲ-ਫਿਤਰ |
| Aug 15 | ਆਜ਼ਾਦੀ ਦਿਵਸ |
| Aug 22 | ਈਦ ਉਲ - ਜੁਹਾ |
| Sep. 03 | ਜਨਮ ਅਸ਼ਟਮੀ |
| Oct. 02 | ਜਨਮ ਦਿਵਸ ਮਹਾਤਮਾ ਗਾਂਧੀ |
| Oct. 19 | ਦੁਸਹਿਰਾ |
| Oct. 24 | ਜਨਮ ਦਿਹਾੜਾ ਮਹਾਂਰਿਸ਼ੀ ਵਾਲਮੀਕ ਜੀ |
| Nov. 07 | ਦੀਵਾਲੀ |
| Nov 23 | ਜਨਮ ਦਿਹਾੜਾ ਸ੍ਰੀ ਗੁਰੂ ਨਾਨਕ ਦੇਵ ਜੀ |
| Dec. 12 | ਸ਼ਹੀਦੀ ਦਿਵਸ ਸ੍ਰੀ ਗੁਰੂ ਤੇਗ ਬਹਾਦਰ ਜੀ |
| Dec. 25 | ਕ੍ਰਿਸਮਸ |

### ਰਾਖਵੀਆਂ ਛੁੱਟੀਆਂ

| | |
|---|---|
| Jan 14 | ਮਕਰ ਸੰਕ੍ਰਾਤੀ |
| Mar 01 | ਹੋਲਿਕਾ ਦਹਨ |
| Mar 25 | ਰਾਮ ਨੌਮੀ |
| Apr 01 | ਈਸਟਰ |
| Apr 01 | ਹਜ਼ਰਤ ਅਲੀ ਜਨਮ ਦਿਨ |
| Apr 30 | ਬੁੱਧ ਪੂਰਨਿਮਾ |
| Aug. 26 | ਰੱਖੜੀ |
| Sep. 13 | ਗਣੇਸ਼ ਚਤੁਰਥੀ |
| Sep 21 | ਮੁਹੱਰਮ |
| Oct. 27 | ਕਰਵਾ ਚੌਥ |
| Nov. 08 | ਗੋਵਰਧਨ ਪੂਜਾ |
| Nov. 09 | ਭਾਈ ਦੂਜ |